# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 9 ਸਾਲ ਛੇਵਾਂ ਸਤੰਬਰ, 1994



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 9 | ਸਾਲ ਛੇਵਾਂ | ਸਤੰਬਰ, 1994

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 1000 ਰੁਪਏ
ਜੀਵਨ ਮੈਂਬਰ 10000 ਰੁਪਏ

1] ਨਿਰਬਾਨ ਕੀਰਤਨ 1
—ਸਰਦਾਰਾ ਸਿੰਘ

2] ਪ੍ਰਸਿੱਧ ਕੀਰਤਨੀਏ 10
ਭਾਈ ਹਰਨਾਮ ਸਿੰਘ ਜੀ ਸਹਾਰਨਪੁਰ ਵਾਲੇ
—ਸ ਤੀਰਥ ਸਿੰਘ

3] ਛੰਦ ਅਤੇ ਤਾਲ 13
—ਡਾ: ਰਮਿੰਦਰ ਸਿੰਘ ਡੇਹਰਾਦੂਨ

4] ਤੁਹਾਡੇ ਪੱਤਰ 18

5] ਰਾਗ ਬਿਹਾਗੜਾ 19
—ਪ੍ਰਿੰਸੀਪਲ ਦਿਆਲ ਸਿੰਘ

6] ਪ੍ਰਿੰਸੀਪਲ ਦਿਆਲ ਸਿੰਘ,
ਰਚਿਤ ਗੁਰਮਤਿ ਸੰਗੀਤ ਬਾਰੇ ਪੁਸਤਕਾਂ 24

**ਬੇਨਤੀ**

ਅਤਿ ਦੀ ਮਹਿੰਗਾਈ ਕਾਰਨ ਚੰਦਿਆਂ ਵਿਚ ਵਾਧਾ ਕਰਨਾ ਪਿਆ ਹੈ। ਹੁਣ ਨਵੇਂ ਰੇਟਾਂ ਅਨੁਸਾਰ ਚੰਦੇ ਭੇਜਣ ਦੀ ਕਿਰਪਾ ਕਰਨੀ।

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ।

# ਨਿਰਬਾਨ ਕੀਰਤਨ

—ਸਰਦਾਰਾ ਸਿੰਘ
ਸੰਪਾਦਕ—'ਗਰਬਾਣੀ ਇਸੁ ਜਗ ਮਹਿ ਚਾਨਣ'
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ)-160055

ਜੀਵ-ਆਤਮਾ ਪ੍ਰਮਾਤਮਾ ਦੀ ਅੰਸ਼ ਹੈ। ਜੁਗਾਂ ਜੁਗਾਤਰਾਂ ਤੋਂ ਇਹ ਅੰਸ਼ ਆਪਣੇ ਪੂਰਨ ਤੋਂ ਵਿਛੜੀ ਹੋਈ ਹੈ ਅਤੇ ਵਿਛੋੜੇ ਵਿਚ ਪਈ ਦੁਖ ਝੱਲਦੀ ਹੈ। ਇਸ ਦੇ ਦੁੱਖ ਦਾ ਕਾਰਨ ਇਹ ਹੈ ਕਿ ਇਸ ਦਾ ਸੋਮਾ ਪੂਰਨ ਅਨੰਦ ਦਾ ਸੋਮਾ ਹੈ ਅਤੇ ਉਸ ਨਾਲ ਮਿਲੀ ਹੋਈ ਇਹ ਅਨੰਦ ਵਿਚ ਸੀ, ਹੁਣ ਅਸ਼ਾਂਤ ਹੈ। ਇਸ ਨੂੰ ਮੁੜ ਪ੍ਰਮਾਤਮਾ ਨਾਲ ਇਕ-ਮਿੱਕ-ਹੋਣ ਲਈ, ਅਤੇ ਸ਼ਾਂਤੀ ਪ੍ਰਾਪਤ ਕਰਨ ਲਈ ਲੋੜ ਹੈ ਨਿਰਬਾਨ ਕੀਰਤਨ ਦੀ।

**ਕੀਰਤੀ :** ਪ੍ਰਮੇਸ਼ਰ ਦੀ ਸਿਫਤ ਸ਼ਲਾਘਾ ਕਰੀਏ, ਜੱਸ ਕਰੀਏ, ਉਸ ਦੇ ਗੁਣਾਂ ਦੀ ਗੱਲ ਕਰੀਏ, ਉਸ ਦੀਆਂ ਵਡਿਆਈਆਂ ਕਰੀਏ, ਕਥਾ ਵਖਿਆਣ ਰਾਹੀਂ ਉਸ ਦੇ ਗੁਣਾਂ ਦਾ ਵਰਨਣ ਕਰੀਏ, ਇਹ ਸਭ ਪ੍ਰਮੇਸ਼ਰ ਦੀ ਕੀਰਤੀ ਕਰਨਾ ਅਖਵਾਉਂਦਾ ਹੈ।

ਸਤਿਗੁਰਾਂ ਦੇ ਮੇਲ ਨਾਲ ਮਨ ਵਿਚ ਵਧਾਈਆਂ ਵੱਜੀਆਂ, ਰਾਗ ਰਾਗਨੀਆਂ ਦੇ ਪ੍ਰੀਵਾਰ ਮਿਲ ਕੇ ਹਿਰਦੇ ਦੀ ਸੇਜਾ ਤੇ ਆ ਕੇ ਪ੍ਰਭੂ ਦੇ ਗੀਤ ਗਾਉਣ ਲੱਗੇ। ਅਤਿ ਹੀ ਸੁਰੀਲੀਆਂ,ਮਨਮੋਹਣੀਆਂ ਧੁਨਾਂ ਸੁਨਣ ਵਿਚ ਆਈਆਂ, ਇਸ ਤਰ੍ਹਾਂ ਮਨ ਮੁਘਦ ਹੋ ਗਿਆ, ਅਨੰਦ ਦੀ ਅਵਸਥਾ ਬਣ ਗਈ।

**'ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ।'**

ਦਾ ਅਨੁਭਵ ਹੋਇਆ, ਬਸ ! ਇਨ੍ਹਾਂ ਰਾਗ ਰਾਗਨੀਆਂ ਨੂੰ ਸੁਰਤ ਵਿਚ ਉਜਾਗਰ ਕਰਨ ਵਾਲਾ ਹੈ, ਇਨ੍ਹਾਂ ਵਿਚੋਂ ਹੀ ਸਫੁੱਟ ਹੋਇਆ ਹੋਇਆ. 'ਗੁਰਬਾਣੀ ਕੀਰਤਨ।

ਮਨ ਦੇ ਸੰਕਲਪਾਂ, ਵਿਕਲਪਾਂ ਤੋਂ ਛੁਟਕਾਰਾ ਪਾ ਕੇ ਇਸ ਨੂੰ ਸ਼ਬਦ ਵਿਚ ਇਕਾਗਰ ਕਰਨ ਦਾ ਪ੍ਰਮੁਖ ਸਾਧਨ ਹੈ ਗੁਰਬਾਣੀ ਕੀਰਤਨ, ਮਨ ਦੀਆਂ ਬਿਰਤੀਆਂ ਸਦਾ ਖਿੰਡੀਆ, ਪੁੰਡੀਆਂ ਰਹਿੰਦੀਆਂ ਹਨ, ਸੰਕਲਪਾਂ ਵਿਕਲਪਾਂ ਦੇ ਇਕੱਠ ਨੂੰ ਹੀ ਮਨ ਕਿਹਾ ਜਾਂਦਾ ਹੈ, ਇਹ ਬਿਰਤੀਆਂ ਸਾਡੇ ਲਈ ਆਤਮਿਕ ਜੋਤ ਦੇ ਦਰਸ਼ਨ ਪੂਰਨ ਬ੍ਰਹਮ ਦੇ ਮਿਲਾਪ ਵਿਚ ਰੋੜਾ ਬਣਦੀਆਂ ਹਨ। ਇਸ ਰੋੜੇ ਨੂੰ ਆਪਣੇ ਰਾਹ ਤੋਂ ਹਟਾਉਣ ਦਾ ਸਰਬੋਤਮ ਢੰਗ ਹੈ ਹਰੀ ਕੀਰਤਨ ਨਾਲ ਜੁੜਨਾ।

**ਧੁੰਨ :** – **ਜੋ ਬ੍ਰਹਿਮੰਡੇ, ਸੋਈ ਪਿੰਡੇ,** ਦ੍ਰਿਸ਼ਟੀਮਾਨ, ਅਦ੍ਰਿਸ਼ਟ ਦੀ ਛਾਇਆ ਹੈ। **ਮੁਕਰ ਮਾਹਿ ਜੈਸੇ ਛਾਈ'** ਛਾਈ ਅਸਲੀਅਤ ਦਾ ਭੁਲੇਖਾ ਹੈ। ਦ੍ਰਿਸ਼ਟਮਾਂਨ ਪ੍ਰਤੀਬਿੰਬ ਹੈ, ਅਕਸ ਹੈ, ੧ਓ ਦਾ। ੧ਓ ਸਗਲ ਸ੍ਰਿਸ਼ਟ ਵਿਚ ਵਿਆ-

ਪਕ ਹੈ। ਉਸ ਦੀ ਵਿਆਪਕਤਾ ਉਸ ਦੇ ਸ਼ਬਦ ਦੀ ਧੁਨ ਤੋਂ ਅਨੁਭਵ ਕੀਤੀ ਜਾਂਦੀ ਹੈ। ਇਹ ਧੁਨ. ਇਲਾਹੀ ਗੂੰਜ, ਅਨਹਦ-ਨਾਦ ਜੋ **'ਕੀਤਾ ਪਸਾਉ ਏਕੋ ਕਵਾਉ'** ਦਾ ਅੰਗ ਹੈ, ਸਰਬ ਵਿਆਪੀ ਹੈ। ਇਸੇ ਅਨਹਦ ਨਾਦ ਦੀਆਂ ਬਾਹਰੀ ਧੁਨੀਆਂ ਪ੍ਰਗਟ ਕਰਦੇ ਹਨ, ਸਾਡੇ ਸੰਗੀਤਕ ਸਾਜ਼ ਤੇ ਸੁਰ।

**ਸੰਤਨ ਕੇ ਸੁਨੀਅਤ ਪ੍ਰਭ ਕੀ ਬਾਤ ॥**
**ਕਥਾ ਕੀਰਤਨ ਅਨੰਦ ਮੰਗਲ ਧੁਨਿ,**
**ਪੂਰ ਰਹੀ ਦਿਨਸ ਅਰੁ ਰਾਤਿ ॥** (ਪੰਨਾ ੪੩੦)

ਜੋ ਦਿਨ ਰਾਤ, ਚੌਵੀ, ਘੰਟੇ, ਬਾਰਾਂ ਮਹੀਨੇ, ਤੀਹ ਦਿਨ ਵੱਜ ਰਹੀ ਹੈ **'ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ'** ਉਸ ਸ਼ਹਿਜ ਦੇ ਰੱਬੀ ਕੀਰਤਨ ਦੀ ਅਸਲੀਅਤ ਜੋ ਵਾਹਿਗੁਰੂ ਦੇ ਦਰ ਤੇ ਵੱਜ ਰਹੀ ਹੈ। ਗੁਰਬਾਣੀ ਕੀਰਤਨ ਰਾਹੀਂ ਮੱਥੇ 'ਚ ਉਜਾਗਰ ਹੋ ਜਾਂਦੀ ਹੈ, ਉਸ ਦਾ ਅਨੁਭਵ ਹੁੰਦਾ ਹੈ ਜਾਣੋ ਨਿਸ਼ਾਨ ਪੈ ਜਾਂਦਾ ਹੈ।

ਕੀਰਤਨ ਨੂੰ ਗੁਰਬਾਣੀ ਅੰਦਰ ਗੁਣੀ ਗਹੀਰਾ ਕਿਹਾ ਹੈ, ਨਿਰਮੋਲਕ ਹੀਰਾ ਕਿਹਾ ਹੈ। ਇਹ ਕੁੰਜੀ ਹੈ, ਅਨੰਦ ਬਾਣੀ ਦੀ, ਜਿਸ ਬਾਣੀ ਨੇ ਸਾਰੇ ਸੰਸਾਰ ਨੂੰ ਥੰਮੀਆਂ ਤੋਂ ਬਿਨਾਂ, ਟਿਕਾ ਕੇ ਰੱਖਿਆ ਹੈ ਬ੍ਰਹਮੰਡ ਦਾ ਸ਼ਬਦ ਤੋਂ ਬਿਨਾਂ ਹੋਰ ਕੋਈ ਆਸਰਾ ਨਹੀਂ :—

**ਕੀਰਤਨੁ ਨਿਰਮੋਲਕ ਹੀਰਾ ॥ ਅਨੰਦ ਗੁਣੀ ਗਹੀਰਾ ॥**
**ਅਨਹਦ ਬਾਨੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥**

**ਨਿਰਬਾਣ ਕੀਰਤਨ :**—ਸ਼ਬਦ ਕੀਰਤਨ ਸਾਨੂੰ ਨਾਮ ਨਾਲ ਜੋੜ ਕੇ ਬ੍ਰਹਮ ਗਿਆਨ ਦਿੰਦਾ ਹੈ, ਬਣਾਉਂਦਾ ਹੈ ਬ੍ਰਹਮ ਗਿਆਨੀ। ਬਸ਼ਰਤੇ ਕਿ ਨਿਰਬਾਨ ਹੋਵੇ।

ਨਿਰਬਾਨ ਕੀਰਤਨ ਉਹ ਹੈ ਜੋ ਸਾਨੂੰ ਨਿਰਬਾਨ ਕਰ ਦਿੰਦਾ ਹੈ, ਰਜੋ ਤਮੋ, ਅਤੇ ਸਤੋ ਗੁਣਾਂ ਤੋਂ ਅਤੇ ਜੋੜ ਦਿੰਦਾ '੧ਓ' ਨਾਲ। ਇਹ ਅਲਗ ਕਰ ਦਿੰਦਾ ਹੈ ਮਾਇਆ ਤੋਂ ਅਤੇ ਜਗਿਆਸੂ ਮੁਕਤ ਹੋ ਨਿਬੜਦਾ ਹੈ।

ਵਾਹਿਗੁਰੂ ਦੇ ਮਿਲਾਪ ਲਈ ਬਿਹਬਲ ਹੋਈ ਜੀਵ-ਆਤਮਾ ਦੀ ਤੜਪ ਤੇ ਬ੍ਰਿਹੋਂ ਦੇ ਵਿਯੋਗ ਨੂੰ ਹੋਰ ਵਧਾਉਣ ਤੇ ਮਿਟਾਉਣ ਵਾਲਾ, 'ਝਿਮ-ਝਿਮ ਵਰਸੈ ਅੰਮ੍ਰਿਤ ਧਾਰਾ' ਵਗਾਉਣ ਵਾਲਾ। 'ਉਹ ਰਸ ਪੀਆ ਇਹ ਰਸ ਨਹੀਂ ਭਾਵਾਂ' ਦੀ ਦਸ਼ਾ ਵਿਚ ਗੋਤੇ ਲਗਵਾਉਣ ਵਾਲਾ। ਸੱਚ ਖੰਡੀ ਛੋਹਾਂ ਨਾਲ ਤ੍ਰਿਪਤ ਕਰਨ ਵਾਲਾ ਹੁੰਦਾ ਹੈ, ਨਿਰ-ਬਾਣ ਕੀਰਤਨ।

'ਨਿਰਮਲ ਨਿਰਬਾਣ ਪਦ ਚੀਨ ਲੀਜੈ' ਨਿਰਬਾਣ ਤੋਂ ਭਾਵ ਛੁਟਕਾਰਾ, ਮੁਕਤੀ ਜਾਂ ਕਹਿ ਲਵੋ ਨਵ੍ਰਿਤੀ ਹੋ ਜਾਣੀ।

**'ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦੁ ਨਿਰਬਾਨਾ ॥**
**ਜਨ ਨਾਨਕ ਇਹੁ ਖੇਲੁ ਕਠਨੁ ਹੈ, ਕਿਨਹੂੰ ਗੁਰਮੁਖਿ ਜਾਨਾ ॥** (੨੧੯)

ਅਮਰ ਅਡੋਲ ਅਵਸਥਾ ਨੂੰ ਪ੍ਰਾਪਤ ਕਰਨਾ ਨਿਰਬਾਨ ਅਵਸਥਾ ਅਖਵਾਉਂਦਾ ਹੈ ਅਤੇ ਨਿਰਬਾਨ ਕੀਰਤਨ ਇਸ ਨਿਰਬਾਨ ਪਦ ਨੂੰ ਪ੍ਰਾਪਤ ਕਰਨ ਲਈ ਜਗਿਆਸੂ ਵੱਲੋਂ ਕੀਤੇ ਜਾਂਦੇ ਸਾਧਨਾਂ ਨਾਲੋਂ ਪ੍ਰਮੁਖ ਤੌਰ ਤੇ ਸਹਾਇਤਾ ਕਰਦਾ ਹੈ।

**ਕੀਰਤਨ ਲਈ ਆਦੇਸ਼ ਤੇ ਲਾਭ :** ਸਤਿਗੁਰੂ ਸਹਿਬਾਨ ਆਪ ਕੀਰਤਨ ਕਰਦੇ ਰਹੇ ਅਤੇ ਸੰਗਤਾਂ ਨੂੰ ਆਪ ਕੀਰਤਨ ਕਰਨ ਲਈ ਵੀ ਉਤਸ਼ਾਹ ਦਿੱਤਾ। ਕੇਵਲ ਰਾਗੀ ਸਿੰਘਾਂ ਨੂੰ ਹੀ ਕੀਰਤਨ ਕਰਨ ਲਈ ਨਹੀਂ ਕਿਹਾ ਬਲਕਿ ਸੰਗਤ ਨੂੰ ਵੀ ਆਪਣੇ ਤੌਰ ਤੇ ਕੀਰਤਨ ਕਰਨ ਦੇ ਆਦੇਸ਼ ਦਿੱਤੇ। ਜਿਸ ਕੀਰਤਨ ਨਾਲ ਪ੍ਰਭੂ ਜੀ ਪ੍ਰਸੰਨ ਹੁੰਦੇ ਹਨ ਅਤੇ ਅਭਿ-ਲਾਸ਼ੀ ਨੂੰ ਮਨ ਬਾਂਛਤ ਫਲ ਪ੍ਰਾਪਤ ਹੁੰਦੇ ਹਨ, ਉਸ ਲਈ ਸਾਡਾ ਹਰ ਸਮੇਂ ਚਾਉ ਬਣਿਆ ਰਹਿਣਾ ਚਾਹੀਦਾਂ ਹੈ।

**'ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ॥**
**ਨਾਨਕ ਪ੍ਰਭ ਸੁਪ੍ਰਸੰਨਿ ਭਏ ਬਾਂਛਤ ਫਲ ਪਾਉ ॥** (ਪੰਨਾ ੮੧੮)

ਗੋਬਿੰਦ ਦੇ ਗੁਣ ਗਾਉਣ ਨਾਲ ਕਰੋੜਾਂ ਹੀ ਜਨਮਾਂ ਜਨਮਾਤ੍ਰਾਂ ਦੇ ਚੱਕਰ ਜੋ ਅਸੀਂ ਜੁਗਾਂ ਜੁਗਾਂਤਰਾਂ ਤੋਂ ਕੱਢ ਰਹੇ ਹਾਂ, ਖਤਮ ਹੋ ਜਾਂਦੇ ਹਨ। ਤ੍ਰਿਸ਼ਨਾਂ ਮੁੱਕ ਜਾਂਦੀ ਹੈ। ਮਨ ਆਪਣਾ ਮੂਲ ਪਛਾਨਣ ਵਾਲੀ ਆਤਮਿਕ ਦਸ਼ਾ ਪ੍ਰਾਪਤ ਕਰ ਲੈਂਦਾ ਹੈ ਅਤੇ ਹਰੀ ਰੰਗ ਨਾਲ ਤ੍ਰਿਪਤ ਹੋ ਜਾਂਦਾ ਹੈ

**ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ ॥**
**ਕੋਟਿ ਜਨਮ ਕੀ ਤ੍ਰਿਸ਼ਨਾ ਨਿਵਰੀ ਰਾਮ ਰਸਾਇਣ ਆਤਮ ਧ੍ਰਾਪ ॥**
(ਪੰਨਾ ੮੨੧)

ਕੀਰਤਨ ਹੀ ਸਾਡਾ ਆਹਰ ਬਣਿਆ ਰਹੇ, ਉੱਦਮ ਬਣਿਆ ਰਹੇ ਤੇ ਇਸ ਲਈ ਅਸੀਂ ਅਰਦਾਸ ਕਰੀਏ, ਮਨ ਵਿਚ ਚਿਤਵਣੀ ਵੀ ਇਸੇ ਦੀ ਹੀ ਰੱਖੀਏ, ਗੁਰੂ ਵਾਕ ਹੈ :-

**ਮਨ ਮਹਿ ਚਿਤਵਉ ਚਿਤਵਨੀ, ਉਦਮ ਕਰਉ ਉਠਿ ਨੀਤ ॥**
**ਹਰਿ ਕੀਰਤਨ ਕਾ ਆਹਰੋ, ਹਰਿ ਦੇਹੁ ਨਾਨਕ ਕੇ ਮੀਤ ॥** (ਪੰ.18)

ਕੀਰਤਨ ਦੇ ਤੁੱਲ ਰਾਜ ਮਾਲ ਵੀ ਨਹੀਂ ਹਨ, ਨਿਹਚਲ ਧੰਨ ਕੇਵਲ ਹਰ ਕੀਰਤਨ ਨੂੰ ਦੱਸਿਆ ਹੈ

**ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋ ॥**
**ਹਰਿ ਕੀਰਤਨੁ ਆਧਾਰੁ ਹੈ ਨਿਹਚਲੁ ਏਹੁ ਧਨੁ ॥** (ਆਸਾ ਮ: 5 ਪੰ. ੩੯੯)

ਕੀਰਤਨ ਸੁਣਨ ਗਾਉਣ ਨਾਲ ਸਾਡੇ ਸਾਰੇ ਦੁਖ ਦੂਰ ਹੀ ਨਹੀਂ ਹੁੰਦੇ ਬਲਕਿ ਨਿਕਟ ਹੀ ਨਹੀਂ ਆਉਂਦੇ :—

**ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥**
**ਤਿਸੁ ਜਨ ਦੂਖੁ ਨਿਕਟਿ ਨਹੀਂ ਆਵੈ ॥** (੧੯੦)

ਕੀਰਤਨ ਨਾਲ ਦੁਰੰਮਤ ਨਾਸ ਹੁੰਦੀ ਹੈ, ਖੋਟੀ ਮੱਤ ਦੂਰ ਹੁੰਦੀ ਹੈ। ਅਤੇ ਸਾਰੀਆਂ ਇਛਾਵਾਂ ਦੂਰ ਹੁੰਦੀਆਂ ਹਨ।

**ਜੋ ਜੋ ਕਥੈ ਸੁਨੈ ਹਰਿ ਕੀਰਤਨੁ. ਤਾ ਕੀ ਦੁਰਮਤਿ ਨਾਸ ॥**
**ਸਗਲ ਮਨੋਰਥ ਪਾਵੈ ਨਾਨਕ, ਪੂਰਨ ਹੋਵੈ ਆਸ ॥** (੧੩੦੦)

ਵੈਰ ਵਿਰੋਧ ਮਿਟ ਜਾਂਦੇ ਹਨ, ਕੀਰਤਨ ਸੁਣਨ ਨਾਲ ਮਨ ਅਦਵੈਤ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਬੁਰਾ-ਭਲਾ, ਤੇਰਾ ਮੇਰਾ, ਆਪਣੇ-ਪਰਾਏ ਦਾ ਭੇਦ ਮਿਟ ਜਾਂਦਾ ਹੈ। ਗੁਰੂ ਫੁਰਮਾਨ :—

**ਵੈਰ ਵਿਰੋਧ ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥**
(ਪੰ. ੨੫੯)

ਕਲਿਜੁਗ ਵਿਚ ਗੁਰਮਤਿ ਨੇ ਕੀਰਤਨ ਦੀ ਪ੍ਰਧਾਨਤਾ ਦਰਸਾਈ ਹੈ।

**ਕਲਿਜੁਗ ਮਹਿ ਕੀਰਤਨੁ ਪਰਧਾਨਾ, ਗੁਰਮੁਖਿ ਜਪੀਐ ਲਾਇ ਧਿਆਨਾ ॥**
(ਪੰਨਾ ੧੦੭੫)

ਪਹਿਲੀ ਪੰਕਤੀ ਤੋਂ ਸਾਫ ਪ੍ਰਗਟ ਹੈ ਕਿ ਕੀਰਤਨ ਪ੍ਰਧਾਨ ਹੈ 'ਤੇ ਦੂਜੀ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਕੀਰਤਨ ਦੀ ਪ੍ਰਧਾਨਤਾ ਦਾ ਅਨੁਭਵ ਉਦੋਂ ਹੁੰਦਾ ਹੈ ਜਦੋਂ ਕੀਰਤਨ ਰਾਹੀਂ ਗੁਰਸਿੱਖ ਸ਼ਬਦ ਸੁਰਤ ਲਿਵਲੀਨ ਹੋ ਕੇ ਨਾਮ ਦੀ ਕਮਾਈ ਕਰਦਾ ਹੈ ਅਤੇ ਉਸਦਾ ਧਿਆਨ ਕੇਵਲ ਵਾਹਿਗੁਰੂ ਦੀ ਹੋਂਦ ਵਿਚ ਜੁੜ ਕੇ ਉਸ ਦੀ ਸੱਤਾ ਦੇ ਦਰਸ਼ਨ ਦੀਦਾਰੇ ਅਨੁਭਵ ਕਰਦਾ ਹੈ।

**ਰਾਗ ਨਾਦ ਸ਼ਬਦ ਸੋਹਣੇ :**—ਰਾਗ ਰਾਗਨੀਆਂ ਦੀ ਉਸਤੱਤ ਕਰਦੇ ਹੋਏ, ਉਨ੍ਹਾਂ ਦੇ ਲੱਛਣ ਦੱਸਦੇ ਹੋਏ, ਗੁਰੂ ਸਾਹਿਬ ਨੇ ਇਨ੍ਹਾਂ ਦਾ ਮੁਢਲਾ ਲੱਛਣ ਇਹ ਦੱਸਿਆ ਹੈ ਕਿ ਇਹ ਆਪਣੇ ਪ੍ਰਭਾਵ ਰਾਹੀਂ ਜਗਿਆਸੂ ਨੂੰ ਨਾਮ ਨਾਲ ਜੋੜ ਕੇ ਆਪਣੇ ਪਿਆਰੇ ਦੀ ਹਜ਼ੂਰੀ ਵਿਚ ਲੈ ਜਾ ਕੇ ਉਸ ਨਾਲ ਪਿਆਰ ਭਰੀਆਂ ਗੱਲਾਂ ਕਰਵਾ ਕੇ ਮਿਲਾਪ ਦਾ ਅਨੰਦ ਬਖਸ਼ ਦੇਣ, ਉਹ ਰਾਗ ਸਫਲੇ ਹਨ।

ਗੁਰੂ ਅਮਰਦਾਸ ਜੀ ਬਿਲਾਵਲ ਰਾਗ ਵਿਚ ਆਖਦੇ ਹਨ :—

**ਬਿਲਾਵਲੁ ਤਬ ਹੀ ਕੀਜੀਐ, ਜਬ ਮੁਖਿ ਹੋਵੈ ਨਾਮੁ ॥**
**ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥**
(ਰਾਗ ਬਿਲਾਵਲ ਮ: 3, ਪੰਨਾ ੮੪੯)

ਕੇਦਾਰਾ ਰਾਗ ਦੇ ਲੱਛਣ ਦੱਸਦੇ ਹੋਏ ਤੀਸਰੇ ਪਾਤਸ਼ਾਹ ਫੁਰਮਾਂਦੇ ਹਨ:—

**ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥**
**ਸਤ ਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥** (ਮ: ੩, ਪੰਨਾ ੧੦੮੭)

ਇਸੇ ਤਰ੍ਹਾਂ ਸੋਰਠਿ ਰਾਗ ਵਿਚ ਬਿਆਨ ਹੈ ਕਿ ਸੋਰਠਿ ਤੱਦ ਹੀ ਸੁਹਾਨਵਾ ਹੈ

ਜੇਕਰ ਵਾਹਿਗੁਰੂ ਦਾ ਨਾਂ ਮਨ ਵਿਚ ਵੱਸ ਜਾਵੇ ।

**ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥**
**ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥** (੩੪੨)

ਸ੍ਰੀ ਰਾਗ ਰਾਗਾਂ ਵਿਚੋਂ ਪ੍ਰਮੁਖ ਮੰਨਿਆ ਜਾਂਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਰਾਗਾਂ ਵਿਚੋਂ ਇਸ ਨੂੰ ਪਹਿਲਾ ਸਥਾਨ ਦਿਤਾ ਗਿਆ ਹੈ । ਪਰ ਗੁਰੂ ਸਾਹਿਬ ਫੁਰਮਾਉਂਦੇ ਹਨ, ਰਾਗ ਤੱਦ ਹੀ ਪ੍ਰਮੁੱਖ ਹੈ ਜੇਕਰ ਸਾਨੂੰ ਪਿਆਰੇ ਵਾਹਿਗੁਰੂ ਨਾਲ ਪਿਆਰ ਪਾਉਣ ਵਿੱਚ ਸਹਾਈ ਹੋਵੇ ।

**ਰਾਗਾਂ ਵਿਚ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ।**
**ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥** ( ਮ. ਪੰ. ੮੩)

ਰਾਮਕਲੀ ਤਾਂ ਹੀ ਸੁਹਾਵਨਾ ਹੈ ਜੇ ਇਸ ਦੇ ਨਾਲ ਰਾਮ ਮਨ ਵਿਚ ਵਸ ਜਾਵੇ । ਗੁਰੂ ਦੇ ਸ਼ਬਦ ਨਾਲ ਅੰਤਰ ਆਤਮੇ ਨਾਮ ਜਪ ਕੇ ਖੇੜਾ ਬਣ ਜਾਵੇ ।

**ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥**
**ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰ ।**
(ਮ: ੩, ਪੰ. ੯੫੦)

ਇਸੇ ਤਰ੍ਹਾਂ ਸਾਰੇ ਹੀ ਰਾਗਾਂ ਦੀਆਂ ਸਿਫਤਾਂ, ਲੱਛਣ ਦੱਸਦੇ ਹੋਏ ਗੁਰੂ ਸਾਹਿਬ ਨੇ ਨਾਮ ਦੀ ਮਹਿਮਾ ਦਰਸਾਈ ਹੈ ਤੇ ਉਹਨਾਂ ਰਾਗਾਂ ਨੂੰ ਹੀ ਸੋਹਣੇ ਭਲੇ ਆਖਿਆ ਹੈ ਜਿਹੜੇ ਸਾਡੇ ਅੰਦਰ ਨਾਮ ਦੀ ਵਰਖਾ ਕਰਨ ਵਿਚ ਸਹਾਈ ਹੋਣ ।

1. **ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥**
   **ਧਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥** (ਪੰ. ੯੫੮)
2. **ਸਭਨਾ ਰਾਗਾ ਵਿਚਿ ਸੋ ਭਲਾ ਭਾਈ, ਜਿਤੁ ਵਸਿਆ ਮਨਿ ਆਇ ॥**
   **ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥**
   **ਰਾਗ ਨਾਦ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥** (ਪੰ. ੧੪੨੩)

ਰਾਗ ਨੂੰ ਸੁਣ ਕੇ ਨਾਮ ਨਾਲ ਮਨ ਜੋੜਨ ਨਾਲ ਰਾਗ ਦੀ ਕੀਮਤ ਪੈਂਦੀ ਹੈ । ਖਾਲੀ ਰਾਗ ਗਾਉਣ ਦਾ ਕੋਈ ਲਾਭ ਨਹੀਂ । ਰਾਗ ਨਾਦ ਸੱਚ ਤਾਂ ਹੈ ਇਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ ਪਰ ਗੁਰਬਾਣੀ ਤੋਂ ਨਿਵੇਕਲਾ ਬੇਅਰਥ ਹੈ । ਵਾਹਿਗੁਰੂ ਜੀ ਰਾਗ ਨਾਦ ਤੋਂ ਬਾਹਰ ਹਨ । ਰਾਗ ਨੇ ਤਾਂ ਸਾਡੀ ਸੁਰਤ ਨੂੰ ਸ਼ਬਦ 'ਚ ਜਮਾਉਣਾ ਹੈ ਕੇਵਲ ।

**ਨਿਰਬਾਨ ਕੀਰਤਨ ਦਾ ਢੰਗ :**—ਕੀਰਤਨ ਨਿਰਬਾਨ ਹੋਵੇ, ਜਿਸ ਨਿਰਬਾਨੁ ਕੀਰਤਨ ਦੇ ਨਾਲ ਸਿਮਰਨ ਕਰਨ ਨਾਲ, ਨਿਰਬਾਨੁ ਪਦ ਦੀ ਪ੍ਰਾਪਤੀ ਹੁੰਦੀ ਹੈ, ਤਦੇ ਗੁਰੂ ਸਾਹਿਬ ਨੇ ਬਾਰ-ਬਾਰ ਨਿਰਬਾਨੁ ਦੀ ਗੱਲ ਕੀਤੀ ਹੈ ।

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਤੀ ਲੂਟੈ ॥**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥**
(ਪੰ. ੭੪੭)

ਦੇਖੋ ਇਥੇ ਸਿਮਰਨ ਲਈ ਇਕ ਨਿਮਖ ਸ਼ਬਦ ਵਰਤਿਆ ਗਿਆ ਹੈ। ਨਿਮਖ ਕਿਹਾ ਜਾਂਦਾ ਹੈ ਅੱਖ ਦੀ ਪਲਕ ਦੇ ਇਕ ਵਾਰ ਝਮਕਣ ਜਿੰਨੇ ਸਮੇਂ ਨੂੰ।

ਕੀ ਅਸੀਂ ਵਿਸ਼ਵਾਸ ਕਰ ਸਕਦੇ ਹਾਂ ਕਿ ਇਕ ਨਿਮਖ ਸਿਮਰਨ ਕਰਨ ਨਾਲ ਸਾਡਾ ਪਾਰ ਉਤਾਰਾ ਹੋ ਸਕਦਾ ਹੈ ? ਹਾਂ ! ਸਤਿਗੁਰੂ ਦਾ ਫੁਰਮਾਣ ਹੈ, ਜ਼ਰੂਰ ਹੋ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਕੀਰਤਨ ਨਿਰਬਾਨ ਹੋਵੇ। ਇਹ ਸ਼ਕਤੀ ਨਿਰਬਾਣ ਕੀਰਤਨ ਦੀ ਹੈ ਕੀਰਤਨ ਕਰਦੇ ਕਰਦੇ ਸੁਰਤ ਜਦੋਂ ਸ਼ਬਦ ਦੀ ਪਕੜ ਅਨੁਭਵ ਕਰਦੀ ਹੈ ਤਾਂ ਲੰਮੀ ਕਮਾਈ ਤੋਂ ਬਾਅਦ ਸਤਿਗੁਰੂ ਦੀ ਬਖਸ਼ਿਸ਼ ਨਾਲ ਇਕ ਨਿਮਖ ਅਜਿਹਾ ਆਉਂਦਾ ਹੈ ਜਦੋਂ 'ਵਾਹਿਗੁਰੂ' ਦਾ ਅਨੁਭਵ ਦਿੰਦਾ ਹੈ, ਵਾਹਿਗੁਰੂ ਦੇ ਦਰਸ਼ਨ ਹੁੰਦੇ ਹਨ, 'ਵਾਹਿਗੁਰੂ' ਜੀ ਦੀ ਛੁਹ ਪ੍ਰਾਪਤ ਹੁੰਦੀ ਹੈ। ਅਤੇ ਸਾਡੇ ਜੀਵਨ ਦਾ ਸਦਾ ਲਈ ਸਹਾਰਾ ਤੇ ਪਾਰ ਉਤਾਰਾ ਕਰਨ ਵਾਲਾ ਬਣਦਾ ਹੈ, ਉਹ ਇਕ ਨਿਮਖ।

ਹੁਣ ਵੇਖਣਾ ਇਹ ਹੈ ਕਿ ਨਿਰਬਾਣੁ ਕੀਰਤਨ ਦਾ ਢੰਗ ਕੀ ਹੈ। ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਮਹਲਾ 5, ਵਿਚ ਕੀਰਤਨ ਕਿਸ ਲਈ ਕਰੀਏ, ਕਿਵੇਂ ਕਰੀਏ ਅਤੇ ਕੀਰਤਨੀਏ ਦੇ ਗੁਣ ਸਮਝਾਏ ਹਨ।

**ਓਅੰਕਾਰਿ ਏਕ ਧੁਨਿ ਏਕੇ, ਏਕੈ ਰਾਗੁ ਅਲਾਪੈ ॥**
**ਏਕ ਦੇਸੀ ਏਕੁ ਦਿਖਾਵੈ, ਏਕੋ ਰਹਿਆ ਬਿਆਪਿ ॥**
**ਏਕਾ ਸੁਰਤਿ ਏਕ ਹੀ ਸੇਵਾ, ਏਕੋ ਸੁਰ ਤੇ ਜਾਪੈ ॥**
**ਭਲੋ ਭਲੋ ਰੇ ਕੀਰਤਨੀਆ ॥**
**ਰਾਮ ਰਮਾ, ਰਾਮਾ ਗੁਨ ਗਾਉ ॥**
**ਛੋਡਿ ਮਾਇਆ ਕੇ ਧਧ ਸੁਆਉ ॥ ਰਹਾਉ ॥ (ਪੰਨਾ ੮੮੫)**

ਜੋ ਅਸੀਂ ਗੱਲ ਲੇਖ ਦੇ ਸ਼ੁਰੂ ਵਿਚ ਕਹਿ ਆਏ ਹਾਂ ਕਿ ਰਾਗ ਦੀਆਂ ਧੁਨੀਆਂ, ਸੁਰਾਂ, ਸਭ ਸ਼ਬਦ 'ਓਅੰਕਾਰ' ਦੀ ਉਪਜ ਹਨ। ਸੋ ਭਲਾ ਕੀਰਤਨੀਆ ਉਹ ਹੈ ਜੋ ਕੇਵਲ ਉਸ ਇਕ ਪ੍ਰਮਾਤਮਾ ਦੀ ਧੁੰਨ ਦੇ ਰਾਗ ਨੂੰ ਅਲਾਪਦਾ ਹੈ। ਜੋ ਪ੍ਰਮਾਤਮਾ ਸਰਵ ਵਿਆਪਕ ਹੈ ਉਸ ਦੀ ਧੁੰਨ ਵੀ ਸਰਬ ਵਿਆਪਕ ਹੈ, ਉਸ ਮੰਡਲ ਵਿਚ ਜਿੱਥੇ ਓਅੰਕਾਰ ਦੀ ਧੁੰਨ ਗੂੰਜ ਰਹੀ ਹੈ, ਵਿਚ ਕੀਰਤਨੀਆਂ ਆਪ ਉਸ ਦੇਸ਼ ਵਿੱਚ ਵੱਸਦਾ ਹੈ ਅਤੇ ਸਰੋਤਿਆਂ ਨੂੰ ਵੀ ਉੱਥੇ ਲੈ ਜਾ ਕੇ ਧੁਨ ਦਾ ਅਨਭਵ ਕਰਾਉਂਦਾ ਹੈ। ਉਹ ਕੀਰਤਨੀਆਂ ਭਲੋ ਭਲੋ ਕਹਾਉਣ ਦਾ ਹੱਕ ਰੱਖਦਾ ਹੈ। ਰਾਮ (ਵਿਆਪਕ ਵਾਹਿਗੁਰੂ) ਵਿਚ ਰਮ ਕੇ ਗੁਣ ਕੇਵਲ ਰਾਮ ਦੇ ਗਾਉਂਦਾ ਹੈ। ਮਾਇਆ ਵੱਲ ਧਿਆਨ ਨਹੀਂ ਦਿੰਦਾ, ਮਾਇਆ ਦਾ ਲੋਭ ਲਾਲਚ ਨਹੀਂ ਕਰਦਾ।

ਸਾਡੀ ਇੱਕ ਕਮਜ਼ੋਰੀ ਹੈ ਕਿ ਆਪਣੇ ਮਤਲਬ ਦੇ ਵਿਸ਼ੇਸ਼ ਇਕ ਬਚਨਾਂ ਨੂੰ ਤਾਂ ਯਾਦ ਰਖਦੇ ਹਾਂ ਪਰ ਉਸ ਵਾਕ ਵਿਚ ਆਏ ਅੱਗੇ ਪਿੱਛੇ ਦੇ ਬਚਨਾਂ ਨਾਲ ਭਾਵਾਰਥ ਕੱਢਣ ਲੱਗੇ ਪ੍ਰਸੰਗ ਨਹੀਂ ਜੋੜਦੇ ।

ਕੀਰਤਨ ਕਰਦੇ ਹੋਏ ਜੇਕਰ ਸੁਰਤ ਮਾਇਆ 'ਚ ਰਹੀ ਜਾਂ ਮਾਇਆ ਦੇ ਅਰਦਾਸੇ ਕਰਦੇ ਰਹੀਏ, ਕੀਰਤਨ ਦਾ ਅਸਲੀ ਲਾਭ ਨਹੀਂ ਮਿਲ ਸਕਦਾ। ਸੋ ਭਲਾ (ਚੰਗਾ) ਕੀਰ-ਤਨੀਆਂ ਮਾਇਆ ਦੀ ਗਰਜ਼ ਛੱਡ ਕੇ ਕੀਰਤਨ ਕਰਦਾ ਹੈ। ਰਾਗ ਦੀਆਂ ਸੁਰਾਂ ਦਾ ਆਲਾਪ ਕਰੀ ਜਾਈਏ ਸਰਗਮਾਂ ਬੋਲ ਬੋਲ ਕੇ ਪਲਟੇ ਮਾਰੀ ਜਾਈਏ। ਗੁਰਬਾਣੀ ਦੇ ਸ਼ਬਦ-ਬੋਲਾਂ ਨੂੰ ਤਿਲਾਂਜਲੀ ਦੇ ਦਈਏ, ਨਿਰਬਾਨ ਪਦ ਤਕ ਨਹੀਂ ਪਹੁੰਚ ਸਕਦੇ ਤੇ ਨਾ ਹੀ ਸਰੋਤਿਆਂ ਦੀ ਸੁਰਤ ਨੂੰ ਕੰਨ ਰੰਸ ਤੋਂ ਉੱਪਰ ਉਠਾ ਸਕਾਂਗੇ। ਕੀਰਤਨ ਵਿਚ ਸ਼ਬਦ (ਬਾਣੀ ਦੀ ਪ੍ਰਮੁਖਤਾ ਰੱਖ ਕੇ ਸੰਗੀਤਕ ਸੁਰਾਂ ਸਹਾਇਕ ਹੋਣ, ਸਰੋਤਿਆਂ ਦੀ ਸੁਰਤ ਵਿਚ ਪ੍ਰੇਮ-ਭਾਵ ਪੈਦਾ ਹੋਵੇ। ਇਕੋ ਵਹਿਗੁਰੂ ਲਈ ਪਿਆਰ ਉਪਜੇ ਤੇ ਉਸ ਓਅੰਕਾਰ ਦੀ ਧੁਨੀ ਵਿਚ ਸੁਰਤ ਖੁੱਭ ਜਾਵੇ ਤੇ ਮਨ ਭਿੱਜ ਜਾਵੇ ਪ੍ਰੇਮ 'ਚ, ਤਦ ਜਾ ਕੇ ਕੀਰਤਨ ਦਾ ਲਾਭ ਹੋਵੇਗਾ।

ਅਸੀਂ ਜਾਣ ਬੁਝ ਕੇ ਨਿਰਬਾਨ ਪਦ ਤੱਕ ਪਹੁੰਚਣ 'ਚ ਰੁਕਾਵਟਾਂ ਖੜ੍ਹੀਆਂ ਕਰਦੇ ਹਾਂ। ਜੇਕਰ ਕੀਰਤਨੀਆਂ ਸਮਰੱਥ ਵੀ ਹੋਵੇ ਅਜਿਹੇ ਪਦ ਤੇ ਪਹੁੰਚਣ ਲਈ ਤਾਂ ਪ੍ਰਬੰਧਕ ਵਿਚਾਰੇ ਸਾਡੀ ਸੁਰਤ ਨੂੰ ਹੋਰ ਪਾਸੇ ਖਿੱਚ ਲੈਂਦੇ ਹਨ। ਚਾਹ ਪਾਣੀ ਆਦਿ ਦਾ ਵਰਤਾਵ ਸ਼ੁਰੂ ਕਰ ਦਿੰਦੇ ਹਨ, ਕੀਰਤਨ ਦੇ ਦੌਰਾਨ। ਕੁਝ ਆਪਣੀ ਅਮੀਰੀ ਦੀ ਠਾਠ ਬੰਨਣ ਲਈ, ਕਾਜੂ, ਮਿਸ਼ਰੀ, ਕਿਸ਼ਮਿਸ਼ ਆਦਿ ਵੰਡਣਾ ਸ਼ੁਰੂ ਕਰ ਦਿੰਦੇ ਹਨ। 2-3 ਘੰਟੇ ਕੀਰਤਨ ਸੁਣਨਾ ਕਰਨਾ ਹੁੰਦਾ ਹੈ, ਕੀ ਇਨ੍ਹਾਂ ਸਮਾਂ ਵੀ ਕੁਝ ਖਾਧੇ ਪੀਤੇ ਬਗੈਰ ਨਹੀਂ ਰਹਿ ਸਕਦੇ ? ਚਾਹ, ਆਦਿ ਖਾਣ ਪੀਣ ਪ੍ਰਬੰਧ ਤਾਂ ਦੀਵਾਨ ਤੋਂ ਬਾਹਰ ਹੀ ਠੀਕ ਰਹਿੰਦਾ ਹੈ। ਸਾਡੀ ਕੋਸ਼ਿਸ਼ ਚਾਹੀਦੀ ਹੈ ਕਿ ਸੰਗਤ ਨੂੰ ਮਿੱਠੇ ਸੁਆਦੀ ਭੋਜਨਾਂ ਦਾ ਅਨੰਦ ਚਖਾਉਣ ਦੀ ਥਾਂ ਕੀਰਤਨ ਵਿਚ ਨਾਮ-ਰਸ ਪੀਣ ਦਈਏ।

ਦਾਸ ਇਕ ਵਾਰੀ ਪੰਜਾਬ ਤੋਂ ਬਾਹਰ ਦੱਖਣ ਵੱਲ ਯਾਤਰਾ ਤੇ ਗਿਆ। ਇਕ ਥਾਂ ਰਾਤ ਦਾ ਕੀਰਤਨ ਦਰਬਾਰ ਸੀ। ਰਾਤ ਵੀ ਪੂਰੀ ਨਹੀਂ, ਕੋਈ 9 ਕੁ ਵਜੇ ਰਾਤ ਨੂੰ ਸ਼ੁਰੂ ਹੋ ਕੇ 3 ਵਜੇ ਤੱਕ ਚੱਲਣਾ ਸੀ। ਕੀਰਤਨ ਸ਼ੁਰੂ ਹੋ ਗਿਆ, ਘੰਟਾ ਕੁ ਹੀ ਮਸਾਂ ਬੀਤਿਆਂ ਹੋਵੇਗਾ ਕਿ ਸੇਵਾਦਾਰ ਚਾਹ ਦੇ ਗਿਲਾਸ ਲੈ ਕੇ ਪੰਡਾਲ ਵਿਚ ਹਾਜ਼ਰ ਹੋ ਗਏ ਤੇ ਵਰ-ਤਾਉਣ ਲੱਗੇ ਬੈਠੀ ਸੰਗਤ ਨੂੰ, ਰਸ-ਭਿੰਨਾਂ ਕੀਰਤਨ ਸੁਣ ਰਹੀਆਂ ਆਤਮਾਵਾਂ ਨੂੰ। ਮਨ ਚੰਚਲ ਹੈ, ਇਕ ਦਮ ਸਾਰੀ ਸੰਗਤ ਦਾ ਧਿਆਨ ਉਨ੍ਹਾਂ ਵੱਲ ਹੀ ਚਲਿਆ ਗਿਆ। ਕਈਆਂ ਪਾਸਿਆਂ ਤੋਂ ਸੇਵਾਦਾਰਾਂ ਨੂੰ ਆਵਾਜ਼ਾਂ ਵੀ ਪਈਆਂ ਏਧਰ ਆਉ ! ਐਧਰ ਆਉ ਜੀ ! ਕੀਰਤਨੀਏ ਲਈ ਬੇਰਸੀ ਹੋ ਗਈ, ਇਕ ਘੰਟਾ ਕੀਰਤਨ ਕਰਨਾ ਸੀ ਅਜੇ ਉਸ ਦਾ ਸਮਾਂ ਸ਼ੁਰੂ ਹੀ ਹੋਇਆ ਸ਼ੀ ਖੈਰ ਉਹ ਦਬ ਘੁੱਟ ਕੇ ਕੀਰਤਨ ਕਰਦੇ ਰਹੇ, ਥੋੜੀ ਦੇਰ ਬਾਅਦ

ਹੀ ਸਾਰੇ ਪੰਡਾਲ 'ਚ ਹੋਰ ਸੇਵਾਦਾਰ ਕਾਜੂ, ਮਿਸਰੀ, ਦਾਖਾਂ ਦੀਆਂ ਟਰੇਆਂ ਲੈ ਕੇ ਆ ਵੜੇ। ਬਸ ਫੇਰ ਕੀ ਸੀ, ਕਾਵਾਂ ਰੌਲੀ ਪੈ ਗਈ। ਕੀਰਤਨ ਵਲ ਕਿਸੇ ਦਾ ਧਿਆਨ ਨਾ ਰਿਹਾ। ਕੀਰਤਨੀਏ ਭਾਈ ਨੇ ਬੇਨਤੀ ਸਾਧ ਸੰਗਤ ਜੀ, ਕੀਰਤਨ ਦਾ ਰਸ ਨਾ ਵਿਗਾੜੋ, ਕੀਰਤਨ ਦਾ ਰਸ ਉਦੋਂ ਤਕ ਨਹੀਂ ਆ ਸਕਦਾ ਜਦੋਂ ਤਕ ਮਨ ਇਕਾਗਰ ਹੋ ਕੇ ਸ਼ਬਦ ਵਿਚ ਨਹੀਂ ਜੁੜਦਾ। ਜਦੋਂ ਅਪੀਲ ਕਰਨ ਤੇ ਵੀ ਨਾ ਹਟੇ। ਭਾਈ ਸਾਹਿਬ ਨੇ ਕੀਰਤਨ ਬੰਦ ਕਰ ਦਿੱਤਾ ਅਤੇ ਕਿਹਾ ਪਹਿਲਾਂ ਤੁਸੀਂ ਚਾਹ ਛੱਕ ਲਵੋ ਪਿਛੋਂ ਕੀਰਤਨ ਕਰਾਂਗੇ। ਪ੍ਰਬਧਕ ਸ਼ਰਮਿੰਦੇ ਹੋ ਕੇ ਚਲੇ ਗਏ। ਅਜੇ ਅਗਲਾ ਕੀਰਤਨੀ ਜਥਾ ਬਦਲਿਆ ਹੀ ਸੀ ਕਿ ਫੇਰ ਉਹੋ ਬੇਅਕਲੀ ਸ਼ੁਰੂ ਹੋ ਗਈ। ਸਾਨੂੰ ਕੌਣ ਸਮਝਾਵੇ ਕਿ ਕੀਰਤਨ ਕੀ ਚੀਜ਼ ਹੈ। ਕਿਵੇਂ ਕਰਨਾ ਹੈ, ਕਿਵੇਂ ਸੁਨਾਉਣਾ ਹੈ, ਅਤੇ ਕਿਵੇਂ ਸੁਨਵਾਉਣਾ ਹੈ।

ਇਕ ਹੋਰ ਬੇ ਸਮਝੀ ਵੇਖੀ। ਪੰਡਾਲ ਜ਼ਰਾ ਵੱਡਾ ਸੀ। ਸੰਗਤਾਂ ਕਾਫੀ ਸਨ। ਥੋੜੀ ਥੋੜੀ ਦੂਰ ਤੇ T. V. sets ਰੱਖੇ ਹੋਏ ਸਨ। ਜੋ ਪ੍ਰੋਗਰਾਮ ਨੂੰ ਰਿਲੇ ਕਰਦੇ ਸਨ। ਕੀਰਤਨ ਵੇਲੇ ਸਾਡੀ ਲਿਵ ਲੱਗਣੀ ਚਾਹੀਦੀ ਹੈ ਸ਼ਬਦ ਵਿਚ, ਧੁਨ ਵਿਚ ਰਾਮ ਵਿਚ।

ਅੰਤਰਮੁਖੀ ਕਰਕੇ ਸਾਨੂੰ ਕੀਰਤਨ ਨੇ ਜੋੜਨਾ ਹੈ ੧ਓ ਸਤਿਨਾਮ ਨਾਲ, ਪਰ ਸੰਗਤ ਜੁੜ ਰਹੀ ਸੀ T. V. sets ਨਾਲ। T. V. sets ਵਿਚ ਕਦੇ ਰਾਗੀਆਂ ਦੀ, ਕਦੇ ਗੁਰੂ ਮਹਾਰਾਜ ਦੇ ਸਰੂਪ ਦੀ ਤੇ ਕਦੇ ਮੱਥਾ ਟੇਕ ਰਹੀ ਸੰਗਤ ਦੀ ਫੋਟੋ ਦੇ ਰਹੇ ਸਨ। ਬਦਲ ਬਦਲ ਕੇ ਜਿਵੇਂ ਸੰਗਤ 'ਧੁਰ ਕੀ ਬਾਣੀ' ਦਾ ਕੀਰਤਨ ਨਹੀਂ ਕਿਸੇ ਹੋਰ ਮਨੋਰੰਜਨ ਲਈ ਬੈਠੀ ਹੋਵੇ। ਸੰਗਤ ਦੀ ਲਾਲਸਾ ਹੋਵੇ, ਦੇਖੀਏ ਕਿੰਨੀ ਕੁ ਸੰਗਤ ਆ ਰਹੀ ਹੈ, ਰਾਗੀਆਂ ਦੀਆਂ ਸ਼ਕਲਾਂ ਕਿਹੋ ਜਿਹੀਆਂ ਹਨ, ਉਹਨਾਂ ਦੇ ਐਕਸ਼ਨ ਕੀ ਹਨ ਸੰਗਤ ਦੇ ਬਸਤਰ ਕਿੰਨੇ ਸੋਹਣੇ ਸੋਹਣੇ ਹਨ। ਨਿਰਬਾਨੁ ਕੀਰਤਨ ਦੀ ਮਹੱਤਤਾ ਤੋਂ ਕਿੰਨਾ ਦੂਰ ਹੋ ਜਾਂਦੇ ਹਾਂ ਅਸੀਂ! ਗੁਰਬਾਣੀ ਕੀਰਤਨ ਮਨੋਰੰਜਨ ਨਹੀਂ ਕੇਵਲ ਗੀਤ ਨਹੀਂ ਭਾਈ!

**ਲੋਗ ਜਾਨੈ ਇਹੁ ਗੀਤੁ ਹੈ, ਇਹੁ ਤਉ ਬ੍ਰਹਮ ਬੀਚਾਰ ॥**

ਕੀਰਤਨ ਸਮੇਂ ਕਿਸੇ ਕਿਸਮ ਦੀ ਕੋਈ ਗੱਲਬਾਤ ਦੀ ਆਗਿਆ ਨਹੀਂ। ਭਾਈ ਨੰਦ ਲਾਲ ਜੀ, ਸ੍ਰੀ ਦਸ਼ਮੇਸ਼ ਪਿਤਾ ਜੀ ਦੀ ਜ਼ਬਾਨੀ ਆਖਦੇ ਹਨ. **ਹਰ ਜਸ ਸੁਨਤੇ ਬਾਤ ਚਲਾਵੈ ਕਹੈ ਗੋਬਿੰਦ ਸਿੰਘ ਜਮਪੁਰ ਜਾਵੈ ॥** ਕਿੱਡੀ ਵੱਡੀ ਸਜਾ ਹੈ ਕਿ ਹਰਿ ਜੱਸ ਸੁਣਦੇ ਹੋਏ ਇਕ ਦੂਜੇ ਨਾਲ ਗੱਲਾਂ ਕਰਨੀਆਂ ਜਾਂ ਰੌਲਾ ਪਾਉਣਾ ਜਾਂ ਸੰਗਤ ਦਾ ਧਿਆਨ ਕਿਸੇ ਕਾਰਨ ਆਪਣੇ ਵਲ ਖਿੱਚ ਲੈਣਾ, ਠੀਕ ਨਹੀਂ।

ਬਹੁਤ ਵਾਰ ਅਸੀਂ ਸਾਜ਼ਾਂ ਦੀ ਧੁਨੀ ਬੜੀ ਉਚੀ ਰੱਖਦੇ ਹਾਂ ਤਬਲੇ ਦੇ ਬੋਲ ਸ਼ਬਦ ਬੋਲਾਂ ਨੂੰ ਆਪਣੇ ਵਿਚ ਸਮੋ ਲੈਂਦਾ ਹੈ। ਤਬਲਾ, ਵਾਜਾ, ਸਤਾਰ, ਵਾਇਲਿਨ ਆਦਿ ਬੜੀ ਉਚੀ ਸੁਰ 'ਚ ਰੱਖਦੇ ਹਾਂ। ਜੋ ਸ਼ਬਦ ਤੇ ਹਾਵੀ ਹੋ ਜਾਂਦੇ ਹਨ, ਚਾਹੀਦਾ ਹੈ ਕਿ ਸਾਜ ਮੱਧਮ ਰਹਿਣ ਅਤੇ ਸ਼ਬਦ (ਗੁਰਬਾਣ) ਬੋਲ ਸਾਫ ਸਪਸ਼ਟ ਸਮਝ ਆਉਣ।

ਕੀਰਤਨ ਵਿਚ ਵਿਆਖਿਆ ਸੁਰਤ ਨੂੰ ਆਤਮਿਕ ਮੰਡਲ ਤੋਂ ਬੁੱਧੀ ਮੰਡਲ ਵਿਚ ਲੈ ਆਉਂਦੀ ਹੈ। ਵਿਆਖਿਆ ਕਰਨ ਲਈ ਸੁਰਤ ਨੂੰ ਸ਼ਬਦ ਤੋਂ ਤੋੜਨਾ ਪੈਂਦਾ ਹੈ। ਨਿਰਬਾਨੁ ਕੀਰਤਨ ਆਤਮਿਕ ਮੰਡਲਾਂ ਵਿਚ ਸਾਡੀ ਸੁਰਤ ਨੂੰ ਪਹੁੰਚਾ ਕੇ ਪ੍ਰੇਮ ਦਾ ਹਿਲੋਰਾ ਦਿੰਦਾ ਹੈ।

ਸ਼ਬਦ ਸੁਰਤ ਤੋਂ ਟੁੱਟ ਕੇ ਵਿਆਖਿਆਕਾਰ ਆਤਮਿਕ ਮੰਡਲ ਤੋਂ ਬੁੱਧੀ ਮੰਡਲ ਵਿਚ ਆ ਕੇ ਵਿਆਖਿਆ ਕਰਦਾ ਹੈ। ਪਰ ਕੀਰਤਨ ਦਾ ਭਾਵ ਬੁੱਧੀ ਤੋਂ ਉਚੇਰਾ ਉੱਠਣਾ ਹੈ। ਵਿਆਖਿਆ ਬੁੱਧੀ ਮੰਡਲ ਦੀ ਵਸਤੂ ਹੈ ਅਤੇ ਇਹ ਸਭ ਸਰੋਤਿਆਂ ਨੂੰ ਵਿਚਾਰ ਦੇ ਲੜ ਲਾ ਲੈਂਦੀ ਹੈ। ਜਦੋਂ ਕਿ ਉਹਨਾਂ ਨੇ ਵਿਚਾਰ ਰਹਿਤ ਹੋ ਕੇ ਇਕ ਰਸ ਅਨਹਦ ਨਾਦ ਦੀਆਂ ਮਧੁਰ ਮਧੁਰ ਸੁਰਾਂ ਨੂੰ ਸੁਨਣਾ ਹੁੰਦਾ ਹੈ ਅਤੇ ੧ਓ ਦੀ ਸਰਬ-ਵਿਆਪਕਤਾ ਵਿਚ ਲੀਨ ਹੋਣਾ ਹੈ। ਵਿਆਖਿਆ ਸਹਿਤ ਕੀਰਤਨ ਨੂੰ ਅਸੀਂ ਕੀਰਤਨ ਤਾਂ ਕਹਿ ਸਕਦੇ ਹਾਂ ਪਰ ਨਿਰਬਾਨ ਕੀਰਤਨ ਦਾ ਦਰਜਾ ਨਹੀਂ ਦੇ ਸਕਦੇ।

ਕੀਰਤਨ ਫਿਲਮੀ ਤਰਜ਼ਾਂ ਤੇ ਕਰਨਾ ਤਾਂ ਸੰਗਤ ਨੂੰ ਗੁਰੂ ਘਰ ਨਾਲ ਜੋੜਨ ਦੀ ਥਾਂ ਪਿਕਚਰਾਂ ਦੇ ਸੀਨ ਅੱਖਾਂ ਸਾਹਮਣੇ ਲਿਆ ਕੇ ਫਿਲਮੀ ਸੰਸਾਰ ਦੀ ਸੈਰ ਕਰਵਾਉਣਾ ਹੈ। ਗੁਰੂ ਮਹਾਰਾਜ ਨੇ ਪਹਿਲਾਂ ਹੀ ਹਰ ਸ਼ਬਦ ਦੇ ਭਾਵਾਂ ਦੇ ਅਨੁਸਾਰ ਹਰ ਸ਼ਬਦ ਤੇ ਰਾਗ ਦਾ ਨਾਂ ਦਿੱਤਾ ਹੋਇਆ ਹੈ। ਜੋ ਸਾਡੇ ਲਈ ਸੇਧ ਹੈ। ਨਿਰਧਾਰਿਤ ਰਾਗਾਂ ਵਿਚ ਕੀਤਾ ਹੋਇਆ ਕੀਰਤਨ ਹੀ ਨਿਰਬਾਣ ਪਦ ਦੀ ਪ੍ਰਾਪਤੀ ਕਰਵਾਉਣ 'ਚ ਸਮਰੱਥ ਹੋ ਸਕਦਾ ਹੈ।

# ਪ੍ਰਸਿਧ ਕੀਰਤਨੀਏ ਭਾਈ ਹਰਨਾਮ ਸਿੰਘ ਜੀ ਸਹਾਰਨਪੁਰ ਵਾਲੇ

—ਸ੍ਰ: ਤੀਰਥ ਸਿੰਘ

'ਭਲੋ ਭਲੋ ਰੇ ਕੀਰਤਨੀਆ'

ਭਾਈ ਹਰਨਾਮ ਸਿੰਘ ਜੀ ਦਾ ਜਨਮ ਮੂਲਾ ਜੀ ਟਿਕਾਣਾ ਸਾਹਿਬ ਜੀ ਦੀ ਅਪਾਰ ਬਖਸ਼ਿਸ਼ ਦੁਆਰਾ ਗਰੰਥੀ ਭਾਈ ਗੁਰਦਿੱਤ ਸਿੰਘ ਜੀ ਦੇ ਗ੍ਰਹਿ ਠੱਠਾ ਉਮੱਰਾ (ਪਾਕਿਸਤਾਨ) ਵਿਖੇ 1919 ਵਿਚ ਹੋਇਆ। ਆਪ ਦੀਆਂ ਤਿੰਨ ਵੱਡੀਆਂ ਭੈਣਾਂ ਸਨ ਤੇ ਆਪ ਦੇ ਜਨਮ ਉਪਰੰਤ ਦੋ ਛੋਟੀਆਂ ਭੈਣਾਂ ਤੇ ਦੋ ਭਰਾ ਹੋਏ। ਆਪ ਜੀ ਦੇ ਵੱਡੇ-ਵਡੇਰੇ ਗਰੰਥੀ ਖਾਨਦਾਨ ਦੇ ਹੁੰਦੇ ਹੋਏ ਵੀ, ਭਾਈ ਗੁਰਦਿੱਤ ਸਿੰਘ ਜੀ ਨਹਿਰਾਂ ਦੇ ਪੁਲਾਂ ਤੇ ਰਾਜਗੀਰੀ ਦਾ ਕੰਮ ਕਰਿਆ ਕਰਦੇ ਸਨ।

ਆਪ ਜੀ ਨੇ ਕੀਰਤਨ ਦੀ ਵਿਦਿਆ ਪੰਥ ਪ੍ਰਸਿੱਧ ਮਹਾਨ ਵਿਦਵਾਨ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਤੋਂ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਉਹਨਾਂ ਨਾਲ ਹੀ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਆਰੰਭ ਕੀਤੀ। ਭਾਈ ਹਰਨਾਮ ਸਿੰਘ ਜੀ 11 ਸਾਲ ਦੀ ਉਮਰ ਵਿਚ ਗ੍ਰਹਿਸਤੀ ਜੀਵਨ ਨੂੰ ਪ੍ਰਨਾਏ ਗਏ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਵਿਖੇ ਕੀਰਤਨ ਦੀ ਸੇਵਾ ਕਰਨ ਲਗ ਪਏ। ਇਥੇ ਆਪ ਲਗਭਗ ਪੰਦਰਾਂ ਸਾਲ ਨਿਰੰਤਰ ਕੀਰਤਨ ਸੇਵਾ ਕਰਦੇ ਰਹੇ।

1947 ਤੋਂ ਬਾਅਦ ਭਾਈ ਹਰਨਾਮ ਸਿੰਘ ਜੀ ਨੇ ਸਹਾਰਨ ਪੁਰ ਵਿਖੇ ਨਿਵਾਸ ਕੀਤਾ। ਇਥੇ ਆਪ ਨੇ ਬੀ. ਏ. ਸੰਗੀਤ ਦੀ ਡਿਗਰੀ ਹਾਸਲ ਕੀਤੀ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੈੱਡ ਰਾਗੀ ਹੋਣ ਤੇ ਨਾਲ ਨਾਲ ਗੁਰੂ ਨਾਨਕ ਗਰਲਜ਼ ਕਾਲਜ ਵਿਚ ਸੰਗੀਤ ਟੀਚਰ ਨਿਯੁਕਤ ਹੋਏ। ਆਪ ਜੀ ਨੇ ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਜੀ ਭਿੰਡਰਾਂਵਾਲੇ ਤੇ ਉਹਨਾਂ ਦੇ ਜਥੇ ਤੋਂ, ਅਤੇ ਸੰਤ ਅਮੀਰ ਸਿੰਘ ਜੀ (ਭਾਈ ਮਨੀ ਸਿੰਘ ਜੀ ਸ਼ਹੀਦ) ਦੀ ਸੰਪ੍ਰਦਾਈ ਤੋਂ ਅਸ਼ੀਰਵਾਦ ਪ੍ਰਾਪਤ ਕਰ ਕੇ ਪ੍ਰਮਾਣਾ ਸਹਿਤ ਨਿਰੋਲ ਗੁਰਬਾਣੀ ਦਾ ਕੀਰਤਨ ਕਰਨ ਕਰਨ ਲਈ ਵਿਸ਼ੇਸ਼ ਪ੍ਰਯਤਨ ਅਭਿਆਸ ਸ਼ੁਰੂ ਕਰ ਦਿੱਤਾ। ਆਪ ਕੀਰਤਨ ਵਿਚ ਕਬਿੱਤ, ਸਵੈਯੇ, ਵਾਰਾਂ ਭਾਈ ਗੁਰਦਾਸ ਜੀ ਤੇ ਗਜ਼ਲਾਂ ਭਾਈ ਨੰਦ ਲਾਲ ਗੋਆ, ਰਹਿਤਨਾਮੇ ਦਸਮ ਗਰੰਥ ਦੀ ਬਾਣੀ ਤੇ ਭਾਈ ਵੀਰ ਸਿੰਘ (ਆਧੁਨਿਕ ਪੰਜਾਬੀ ਕਵੀ ਦੀਆਂ ਰਚਨਾਵਾਂ ਸ਼ਬਦ ਪ੍ਰਮਾਣਾਂ ਵਿਚ ਉਚਾਰਦੇ ਸਨ। ਇਹ ਸ਼ਬਦ ਪ੍ਰਮਾਣ ਸਭ ਆਪ ਦੇ ਜ਼ੁਬਾਨੀ ਯਾਦ ਹੁੰਦੇ ਸਨ।

ਸ੍ਰੀ ਮਾਨ ਸੰਤ ਪੰਡਤ ਨਿਸਚਲ ਸਿੰਘ ਜੀ ਜਮਨਾ ਨਗਰ (ਪੰਥ ਪ੍ਰਸਿੱਧ ਵਿਦਵਾਨ)

ਤੇ ਬਾਬਾ ਸੰਤ ਦਾਸ ਜੀ ਡੇਰਾ ਸੰਤ ਪੁਰਾ ਜਲੰਧਰ ਵਾਲੇ ਹਰ ਸਾਲ ਵਿਸ਼ੇਸ਼ ਧਾਲਾਨਾ ਜੋੜ ਮੇਲਿਆ ਤੇ ਬੁਲਵਾ ਕੇ ਸਮੇਂ ਸਮੇਂ ਧਾਰਮਿਕ ਦੀਵਾਨਾਂ ਅੰਦਰ ਭਾਈ ਸਾਹਿਬ ਦਾ ਕੀਰਤਨ ਸੁਣ ਕੇ ਸੰਗਤਾਂ ਸਮੇਤ ਆਤਮਕ ਅਨੰਦ ਪ੍ਰਾਪਤ ਕਰਿਆ ਕਰਦੇ ਸਨ। ਭਾਈ ਸਾਹਿਬ ਨੂੰ ਬਹੁਤ ਸਾਰੀ ਬਾਣੀ ਕੰਠ ਸੀ। ਆਪ ਸ੍ਰੀ ਗੁਰੂ ਗਰੰਥ ਸਾਹਿਬ ਦੇ ਰੋਜ਼ਾਨਾ 50-60 ਅੰਕ ਗੁਰਬਾਣੀ ਯਾਦ ਕਰਨ ਹਿਤ ਪੜ੍ਹਿਆ ਕਰਦੇ ਸਨ ਤੇ ਸੰਗਤਾਂ ਨੂੰ ਰੋਜ ਇਕ ਸ਼ਬਦ ਨਵਾਂ ਸੁਣਾਇਆ ਕਰਦੇ ਸਨ।

ਆਪ ਜੀ ਦਾ ਕੀਰਤਨ ਕਰਨ ਦਾ ਢੰਗ ਪੁਰਾਤਨ ਤੇ ਸ਼ੈਲੀ ਪ੍ਰਭਾਵ ਪੂਰਨ ਸੀ। ਆਪ ਭਾਈ ਸਾਹਿਬ ਉਸਤਾਦ ਸਮੁੰਦ ਸਿੰਘ ਜੀ ਦੀਆਂ ਬੰਦਸ਼ਾਂ ਤੇ ਰੀਤਾਂ ਗਾਉਣ ਵਿਚ ਬੜੀ ਪ੍ਰਬੀਨਤਾ ਰਖਦੇ ਸਨ। ਸਮੇਂ ਤੇ ਰੁੱਤ ਅਨੁਸਾਰ ਬਾਖੂਬੀ ਗਾਉਣ ਦੀ ਕਲਾ ਆਪ ਜੀ ਦੇ ਰਗ ਰਗ ਵਿਚ ਸਮਾਈ ਹੋਈ ਸੀ। ਭਾਈ ਚਾਂਦ ਸਾਹਿਬ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਦੀਆਂ ਬਹੁਤ ਸਾਰੀਆਂ ਬੰਦਸ਼ਾਂ ਆਪ ਦੁਆਰਾ ਗਾਈਆਂ ਜਾਂਦੀਆਂ ਸਨ ਤੇ ਸੰਗਤਾਂ ਆਪ ਦਾ ਕੀਰਤਨ ਸ੍ਰਵਣ ਕਰ ਕੇ ਲਾਹਾ ਪ੍ਰਾਪਤ ਕਰਦੀਆਂ ਸਨ। ਆਪ ਜੀ ਦੇ ਜਥੇ ਵਿਚ ਸਹਾਇਕ ਰਾਗੀ ਵਜੋਂ ਜਿੰਨੇ ਵੀ ਸਾਥੀ ਕੀਰਤਨ ਸੇਵਾ ਵਿਚ ਲੱਗੇ ਉਹ ਸਭ ਹੁਣ ਮੁੱਖ ਰਾਗੀ ਵਜੋਂ ਸੀਸ ਗੰਜ ਗੰਜ ਦਿੱਲੀ, ਕਰਨਾਲ, ਅੰਬਾਲਾ ਆਦਿ ਵਿਖੇ ਕੀਰਤਨ ਸ਼ੇਵਾ ਕਰ ਰਹੇ ਹਨ।

ਭਾਈ ਸਾਹਿਬ ਭਾਈ ਹੀਰਾ ਸਿੰਘ ਜੀ, ਭਾਈ ਸੁਧ ਸਿੰਘ ਜੀ, ਪ੍ਰਧਾਨ ਸਿੰਘ ਜੀ ਆਦਿ ਆਪ ਜੀ ਦੀ ਰਿਸ਼ਤੇਦਾਰੀ ਵਿੱਚ ਪੰਥ ਪ੍ਰਸਿਧ ਮਹਾਨ ਕੀਰਤਨੀਏ ਹੋਏ ਹਨ। ਭਾਈ ਸਾਹਿਬ ਚਾਰ-ਪੰਜ ਘੰਟੇ ਰੋਜ਼ ਕੀਰਤਨ ਕਰਿਆ ਕਰਦੇ ਸਨ। ਇਸ ਤੋਂ ਇਲਾਵਾ ਦੋ ਤਿੰਨ ਪ੍ਰੋਗਰਰਾਮ ਵੱਖਰੇ ਹੋਇਆ ਕਰਦੇ ਸਨ। ਉਹਨਾਂ ਦਿਨਾਂ ਵਿਚ ਸਹਾਰਨਪੁਰ ਵਿਖੇ ਸਿਰਫ਼ ਇਕ ਹੀ ਅਸਥਾਨ ਤੇ ਰਾਗੀ ਜਥਾ ਹੋਇਆ ਕਰਦਾ ਸੀ ਆਸ ਪਾਸ ਦੇ ਕਸਬਿਆਂ ਤੇ ਸ਼ਹਿਰਾਂ ਵਿਚ, ਇਥੋਂ ਤਕ ਕਿ ਜਮਨਾ ਨਗਰ, ਮੁਜਫਰ ਨਗਰ ਕਰਨਾਲ, ਅੰਬਾਲਾ, ਨਾਹਨ ਤੇ ਪਾਉਂਟਾ ਸਾਹਿਬ ਆਦਿ ਲਈ ਵੀ ਸਹਾਰਨ ਪੁਰ ਤੋਂ ਭਾਈ ਸਾਹਿਬ ਹਰਨਾਮ ਸਿੰਘ ਜੀ ਦਾ ਕੀਰਤਨੀ ਜਥਾ ਹੀ ਬੁਲਾਇਆ ਜਾਂਦਾ ਸੀ।

ਆਪ ਕੀਰਤਨ ਭੇਟਾ ਵੀ ਬਹੁਤ ਘੱਟ ਲਿਆ ਕਰਦੇ ਸਨ। ਸੰਨ 1947 ਤੋਂ 100 ਰੁਪਏ ਮਾਹਵਾਰ ਤੋਂ ਆਰੰਭ ਕਰ ਕੇ ਹੁਣ ਤਕ ਕੇਵਲ 1100 ਰੁਪਏ ਮਾਹਵਾਰ ਤੇ ਕੀਰਤਨ ਸੇਵਾ ਕਰਦੇ ਰਹੇ ਹਨ ਆਪ ਨੇ ਕਦੇ ਸ਼ਬਦ ਭੇਟਾ ਜਾਂ ਹੋਰ ਕੋਈ ਮਾਇਆ ਅੱਧ ਪ੍ਰਾਪਤ ਨਹੀਂ ਕੀਤੀ। ਆਪ ਜੀ ਦੇ ਇਸ ਆਦਰਸ਼ ਕਾਰਨ ਜਿਥੇ ਆਪ ਨੂੰ ਤੰਗੀ-ਤੁਰਸ਼ੀ ਵਾਲਾ ਜੀਵਨ ਬਿਤਾਉਣਾ ਪਿਆ ਹੈ ਉਥੇ ਆਪ ਦੇ ਦੂਜੇ ਕੀਰਤਨੀ ਸਾਥੀਆਂ ਨੂੰ ਵੀ ਔਕੜਾਂ ਭਰਪੂਰ ਜੀਵਨ ਵਿਚ ਹਮੇਸ਼ਾਂ ਨਾਲ ਖੜ੍ਹੇ ਰਹਿਣ ਦਾ ਗੌਰਵ ਹਾਸਲ ਹੈ ਆਪ ਦਾ ਸੰਪੂਰਨ ਜੀਵਨ ਸੁਚੱਜਤਾ ਦਾ ਨਮੂਨਾ ਹੈ। ਆਪ ਨੇ ਸਾਦਾ ਜੀਵਨ, ਸਾਦਾ ਲਿਬਾਸ ਤੇ ਦ੍ਰਿੜ੍ਹ ਨਿਸਚੈ ਵਿਸ਼ਵਾਸ਼ ਨਾਲ ਕੀਰਤਨ ਸੇਵਾ ਨਿਭਾਈ ਹੈ।

ਆਪ ਨੇ ਸੰਗਤਾਂ ਦੇ ਵਿਸ਼ੇਸ਼ ਸੱਦਾ-ਪੱਤਰਾਂ ਤੇ ਥਾਈਲੈਂਡ (ਮਲੇਸ਼ੀਆ) ਤੇ ਬਰਮਿੰਘਮ (ਇੰਗਲੈਂਡ ਵਿਖੇ ਦੋ ਵਾਰੀ ਵਿਦੇਸ਼ ਭਰਮਣ ਕੀਤਾ ਹੈ ਤੇ ਤਕਰੀਬਨ ਛੇ-ਛੇ ਸਹੀਨੇ ਸਮੂਹ ਸੰਗਤਾਂ ਦੀ ਕੀਰਤਨ ਰਾਹੀਂ ਸੇਵਾ-ਕੀਤੀ ਹੈ ।

ਆਪ ਦਾ ਸਾਦਾ, ਮਧਰਾ, ਗਠੀਲਾ ਤੇ ਰੋਅਬਦਾਰ ਭਖਦਾ ਲਾਲ ਚਿਹਰ ਸੀ । ਆਪ ਕੀਰਤਨ ਲਈ ਹਮੇਸ਼ਾਂ ਘਰ ਤੋਂ ਗੁਰਦੁਆਰਾ ਸਾਹਿਬ ਤਕ ਪੈਦਲ ਜਾਇਆ ਕਰਦੇ ਸਨ । ਆਪ ਨੇ ਸਾਰੀ ਉਮਰ ਸਹਾਰਨਪੁਰ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੀ ਕੀਰਤਨ ਰਾਹੀਂ ਭਰਪੂਰ ਸੇਵਾ ਕੀਤੀ ਤੇ ਮਾਣ ਸਤਿਕਾਰ ਪ੍ਰਾਪਤ ਕੀਤਾ ਹੈ । ਇਸੇ ਕਰਕੇ ਆਪ ਭਾਈ ਹਰਨਾਮ ਸਿੰਘ ਜੀ ਸਹਾਰਨ ਪੁਰ ਵਾਲੇ ਕਰ ਕੇ ਪ੍ਰਸਿੱਧ ਹੋਏ । ਗੁਰੂ ਘਰ ਦੇ ਇਹ ਪ੍ਰਸਿੱਧ ਕੀਰਤਨੀਏ ਸੰਗਤਾਂ ਦੀ ਕੀਰਤਨ ਸੇਵਾ ਕਰਦੇ ਹੋਏ 1989 ਨੂੰ ਗੁਰਪੁਰੀ ਸਿਧਾਰ ਗਏ । ਆਪ ਜੀ ਦੀ ਅਣਥੱਕ ਸੇਵਾ ਨੂੰ ਮੁਖ ਰਖਦੇ ਹੋਏ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਲੋਂ ਆਪ ਜੀ ਦੇ ਪਰਿਵਾਰ ਨੂੰ ਪੰਜ ਸੌ ਰੁਪਏ ਮਾਹਵਾਰ ਸਹਾਇਤਾ ਤੇ ਮਾਣ-ਪੱਤਰ ਪ੍ਰਦਾਨ ਕੀਤਾ ਗਿਆ ਹੈ । ਭਾਈ ਹਰਨਾਮ ਸਿੰਘ ਜੀ ਨਿਰਮਲ ਕਰਮੀ, ਨਿਤਨੇਮੀ ਤੇ ਅੰਤ ਸਮੇਂ ਤਕ ਨਾਮ ਸਿਮਰਨ ਕੀਰਤਨ ਨਾਲ ਜੁੜੇ ਰਹੇ ਆਪ ਨਿਰੋਲ ਗੁਰਬਾਣੀ ਦੇ ਕੀਰਤਨੀਏ ਸਨ ।

4 ਗੁਰੂ ਗੋਬਿੰਦ ਸਿੰਘ ਮਾਰਕੀਟ,
ਗਰਾਂਟ ਰੋਡ, ਸਹਾਰਨਪੁਰ ।

# ਛੰਦ ਅਤੇ ਤਾਲ

—ਡਾ: ਰਮਿੰਦਰ ਸਿੰਘ ਡੇਹਰਾਦੂਨ

ਛੰਦ ਸ਼ਾਸ਼ਤ੍ਰੀਆਂ ਦੀ ਮਾਨਤਾ ਹੈ ਕਿ ਛੰਦ ਲੈ (ਤਾਲ)-ਬੱਧ ਜਾਂ ਸੁਰ-ਬੱਧ ਹੁੰਦੇ ਹਨ। ਅਤੇ ਲੈ (ਤਾਲ)-ਬੱਧ ਛੰਦ ਨੂੰ ਬੜੀ ਆਸਾਨੀ ਨਾਲ ਸੁਰ ਵੀ ਪ੍ਰਧਾਨ ਕੀਤੀ ਜਾ ਸਕਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਸ਼ਾਸ਼ਤ੍ਰੀ ਢੰਗ ਨਾਲ ਰਚੇ ਛੰਦ (ਜਿਸ ਦੀਆਂ ਮਾਤ੍ਰਾਂ ਦੀ ਗਿਣਤੀ ਅਤੇ ਮਾਤ੍ਰਾਂ ਦਾ ਕ੍ਰਮ ਪਹਿਲਾਂ ਤੋਂ ਮਿਥਿਆ ਗਿਆ ਹੋਵੇ) ਨੂੰ ਬਰਾਬਰ ਦੀਆਂ ਮਾਤ੍ਰਾਂ ਵਾਲੀ ਢੁਕਵੀਂ ਤਾਲ ਵਿੱਚ ਵਜਾਇਆ ਜਾ ਸਕਦਾ ਹੈ। ਗਾਇਕ ਇਸ ਤਾਲ ਦੇ ਬੋਲਾਂ ਨੂੰ ਕਿਸੇ ਵੀ ਰਾਗ ਦੀ ਸੁਰਾਂ ਤੇ ਗਾ ਸਕਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਕਹਿਆ ਜਾ ਸਕਦਾ ਹੈ ਕਿ ਤਬਲੇ ਤੇ ਵਜਾਈ ਕਿਸੇ ਤਾਲ ਦੀਆਂ ਮਾਤ੍ਰਾਂ ਤੋਂ ਛੰਦ ਦੀਆਂ ਮਾਤ੍ਰਾਂ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

ਵਿਦਵਾਨਾਂ ਨੇ ਗੁਰਬਾਣੀ ਨੂੰ ਰਾਗ ਬੱਧ ਅਤੇ ਰਾਗ-ਮੁਕਤ ਦੋ ਭਾਗਾ ਵਿੱਚ ਵੰਡਿਆ ਹੋਇਆ ਹੈ। ਸਾਡੀ ਧਾਰਨਾ ਹੈ ਕਿ ਸਮੁਚੀ ਬਾਣੀ ਵਿੱਚ ਸ਼ਾਸ਼ਤਰੀ ਛੰਦਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਛੰਦ ਵਜਾਏ ਤੇ ਗਾਏ ਵੀ ਜਾ ਸਕਦੇ ਹਨ। ਇਸ ਧਾਰਨਾ ਦੀ ਪ੍ਰੋੜਤਾ ਲਈ ਸਾਨੂੰ ਕੁਝ ਸ਼ਬਦਾਂ ਵਿੱਚ ਵਰਤੇ ਛੰਦਾਂ ਦਾ ਸ਼ਾਸ਼ਤ੍ਰੀ ਢੰਗ ਨਾਲ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ; ਅਤੇ ਇਨ੍ਹਾਂ ਛੰਦਾਂ ਵਿੱਚ ਵਰਤੀਆਂ ਮਾਤ੍ਰਾਂ ਦੇ ਆਧਾਰ ਤੇ ਛੰਦਾਂ ਨੂੰ ਢੁਕਵੀਆਂ ਤਾਲਾਂ ਵਿੱਚ ਵਜਾ ਕੇ ਵੇਖਣਾ ਚਾਹੀਦਾ ਹੈ। ਇਹਨਾਂ ਤਾਲਾਂ ਨੂੰ ਗੁਰਬਾਣੀ ਦੇ ਨਿਰਧਾਰਤ ਰਾਗਾਂ ਵਿੱਚ ਗਾ ਕੇ ਵੀ ਵੇਖਣਾ ਚਾਹੀਦਾ ਹੈ। ਪਾਠਕ ਭਲੀ ਭਾਂਤ ਜਾਣਦਾ ਹੈ ਕਿ ਛੰਦਾਂ ਅਤੇ ਤਬਲੇ ਦੀਆਂ ਤਾਲਾਂ ਅਨਗਿਣਤ ਹਨ। ਇਹਨਾਂ ਵਿਚੋਂ ਮਿਲਵੇਂ ਛੰਦ ਅਤੇ ਤਾਲ ਲਭਣੇ ਕੁਝ ਕਠਿਨ ਹਨ। ਇਸ ਕਾਰਜ ਲਈ ਅਸੀਂ ਗੁਰਬਾਣੀ ਵਿਚੋਂ ਟੂਕ-ਮਾਤ੍ਰ ਕੁਝ ਸ਼ਬਦ ਚੁਣੇ ਹਨ ਅਤੇ ਇਹਨਾਂ ਦੀ ਛੰਦ ਚਾਲ ਦਾ ਵਿਸ਼ਲੇਸ਼ਣ ਕੀਤਾ ਹੈ। ਇਹਨਾਂ ਛੰਦਾਂ ਵਿਚ ਬਾਣੀਕਾਰਾਂ ਨੇ 10 ਮਾਤ੍ਰਾਂ ਤੋਂ ਲੈ ਕੇ 30 ਮਾਤ੍ਰਾਂ ਤਕ ਦੀ ਵਰਤੋਂ ਕੀਤੀ ਹੈ। ਭਾਤ ਖੰਡ ਦੇ ਦੱਸੇ ਅਨੁਸਾਰ 10 ਮਾਤ੍ਰਾਂ ਤੋਂ ਲੈ ਕੇ 30 ਮਾਤ੍ਰਾਂ ਵਾਲੀਆਂ ਢੁਕਵੀਆਂ ਤਾਲਾਂ ਜਿਹਨਾਂ ਵਿੱਚ ਸਾਡੇ ਛੰਦ (ਸ਼ਬਦ) ਵਜਾਏ ਜਾ ਸਕਦੇ ਹਨ, ਹੇਠ ਦਿੱਤੇ ਅਨੁਸਾਰ ਹਨ :

**12 ਮਾਤ੍ਰਾਂ**

i) ਸਾਧੋ ਮਨ ਕਾ ਮਾਨੁ ਤਿਆਗਉ ॥2॥1॥ ਗਉੜੀ ; ਪੰਨਾ : 219 ॥ ਮ : ੯

ii) ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥2॥6॥ ਸੋਰਠ ; ਪੰਨਾ : 632 ॥ ਮ : ੯

iii) ਮਨ ਰੇ ਸਾਚਾ ਗਹੋ ਬਿਚਾਰਾ ॥2॥3॥ ਜੈਤਸਰੀ ; ਪੰਨਾ : 703 ॥ ਮ : ੯

ਛੰਦ : ਸਾਰਕ ; ਪਾਦਾਂਤ ਦੋ ਗੁਰੂ (ਚੌਕਲ)

ਤਾਲ : ਇੱਕ ਤਾਲ ; ਚੌਤਾਲ ; ਦੂ ਤਾਲ ਅਤੇ ਮਦਨ ਤਾਲ

X 2 3

ਇੱਕ ਤਾਲ : ਧਿੰ ਧਿੰ ਧਾ ਤ੍ਰਿਕ । ਤੂ ਨਾ ਕ ਤਾ । ਧੀ ਨਾ ਧੀ ਨਾ

X 2 3 4

ਚੌਤਾਲ : ਧਾ ਧਾ ਦਿੰ ਤਾ । ਤੇਟ ਧਾ ਦਿੰ ਤਾ । ਤੇਟ ਕਤ । ਗਦਿ ਗਨ

**15 ਮਾਤ੍ਰਾ**

ਜੋਗੀ ਜੰਗਮ ਅਰੁ ਸੰਨਿਆਸ ।
ਸਭ ਹੀ ਪਰਿ ਡਾਰੀ ਇਹ ਫਾਸ ॥ 1 ॥
ਜਿਹਿ ਜਿਹਿ ਹਰਿ ਕੋ ਨਾਮੁ ਸੁਮਾਰਿ ।
ਤੇ ਭਵ ਸਾਗਰ ਉਤਰੇ ਪਾਰਿ ॥ 2 ॥
ਜਨ ਨਾਨਕ ਹਰਿ ਕੀ ਸਰਨਾਇ ।
ਦੀਜੈ ਨਾਮੁ ਰਹੈ ਗੁਨ ਗਾਇ

॥ 3। 2 ॥ ਬਸੰਤ ਹਿੰਡੋਲ ; ਪੰਨਾ 1186 ਮ: ੯

ਛੰਦ : ਜਯਕਰੀ ਚੌਪਈ ; ਪਾਦਾਂਤ ਗੁਰੂ ਲਘੂ

X 2 3 4

ਤਾਲ : ਜਗਝੰਪਾ : ਧਾ S ਧਾ ਗੇ ਧ ਦਿ ਗ ਨ । ਧੁਮ । ਕਿਟ । ਦਿ ਗ ਨ

**16 ਮਾਤਰਾ**

ਚਉਥਿ ਉਪਾਏ ਚਾਰੇ ਬੇਦਾ ।
ਖਾਣੀ ਚਾਰੇ ਬਾਣੀ ਭੇਦਾ ।
ਅਸਟ ਦਸਾ ਖਟੁ ਤੀਨਿ ਉਪਾਏ ।
ਸੋ ਬੂਝੈ ਜਿਸੁ ਆਪਿ ਬੁਝਾਏ

॥ 20 ॥ ਬਿਲਾਵਲੁ ; ਪੰਨਾ : 839 ॥ ਮ: ੧

ਛੰਦ : ਪਾਦਾਕੁਲਕ ; ਚਾਰ ਚੌਕਲੀ

X 2 3 4

ਤਾਲ : ਧ੍ਰੁਪਦ ਦੀ ਸਵਾਰੀ : ਧਾ S ਕਿ ਟ । ਧੁਮ ਕਿ ਟਿ । 3'ਕਿ ਟ 3 । 2 S ਕਿ ਟ

**18 ਮਾਤਰਾਂ**

ਘਰ ਦੱਰੁ ਥਾਪਿ ਥਿਰ ਥਾਨਿ ਸੁਹਾਵੈ ।
ਆਪ ਪਛਾਣੈ ਜਾ ਸਤਿਗੁਰੁ ਧਾਵੈ ।

॥ 20 ॥ 1 ਬਿਲਾਵਲੁ : ਪੰਨਾ : 840 ॥

ਛੰਦ : ਸਿੰਧਜਾ ; (ਪਾਦਾਕੁਲਕ+5) ; ਪਾਦਾਂਤ ਦੋ ਗੁਰੂ

× 2 3 4

ਤਾਲ ; ਗਣੇਸ਼ ਤਾਲ : ਧਾ S ਧਿ ਟ । ਟ ਧਾ S । ਧਾ S ਕਿ ਟਿ । ਤ ਕ । ਧ ਦਿ ਗ ਨ

22 ਮਾਤ੍ਰਾਂ :

ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ।

ਛੰਦ : ਰਾਧਿਕਾ ; 10—12 ਮਾਤ੍ਰਾ

× 2 3 4 5

ਤਾਲ : ਭੈਰਰਭਾਲ ; ਧਾ S ਧਿ ਨ । ਨ ਕ ਧੇ S । ਧਿ ਨ । ਨ ਕ ਧ ਨ । ਨ ਕ ।

6 7

3 ਕ । ਧ ਦਿ ਗਿ ਨ

26 ਮਾਤ੍ਰਾਂ

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ।
ਕਰਿ ਪਰਪੰਚ ਜਗਤ ਕਉ ਡਹਕੈ ਅਪਨੋ ਉਦਰੁ ਭਰੈ ।
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ
ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾਤੇ ਕਾਜੁ ਸਰੈ

॥2॥1 ॥ ਦੇਵਗੰਧਾਰੀ ; ਪੰਨਾ : 536 ॥ ਮ: ੯

ਛੰਦ : ਬਿਸ਼ਨ ਪਦ ; 16—10 ਮਾਤ੍ਰਾਂ

× 2 3 4 5 6

ਤਾਲ : ਸਾਲਵਣਰ ਧਾ S ਗੇ S । ਧਾ S ਗੇ S । ਧਿ ਨ ਨ ਕ । ਧ S । ਤਾ ਧਿ ਨ ।

7 8

ਕ ਤ ਕ ਧਾ S । ਧਿ ਨ

26 ਮਾਤ੍ਰਾਂ

ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ।
ਨਦਰਿ ਕਰੇ ਜਿਸ ਆਪਣੀ ਤਿਸ ਲਾਏ ਹੇਤ ਪਿਆਰ ।
ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰਿ ।
ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ।

॥ 16 ॥ ਪੰਨਾ । 422 ॥ ਮ: ੪

ਛੰਤ : ਉੱਲਾਲਾ ਦੂਜਾ ; 13—13 ਮਾਤ੍ਰਾ ; ਪਾਦਾਂਤ ਗੁਰੂ-ਲਘੂ

× 2 3 4 5 6 7 8 9

ਤਾਲ : ਵਿਸ਼ਵ ਤਾਲ ਧਾ S । ਧਿ ਨ । ਨ । ਕ । ਧੇ S । ਧਿ । ਨ । ਨ । ਕ ਤਾ

28 ਮਾਤ੍ਰਾਂ

ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ।
ਹੋਵਹਿ ਲਿੰਙ ਝਿੰਗ ਨਹ ਹੋਵਹਿ ਐਸੀ ਕਹੀਐ ਸੂਰਤ।
ਜੋ ਓਸੁ ਇਛੇ ਸੋ ਫਲੁ ਪਾਏ ਤਾਂ ਨਾਨਕ ਕਹੀਐ ਮੂਰਤਿ

॥ 2012 ॥ ਸਾਰੰਗ ; ਪੰਨਾ : । 245 ॥ ਮ : ੨

ਛੰਦ : ਸਾਰ ; 16—12 ਮਾਤ੍ਰਾਂ ; ਪਾਦਾਂਤ ਦੋ ਗੁਰੂ

× 2 3 4 5
ਤਾਲ : ਰਾਜਨਾਰਾਇਨ ਧਾ S । ਧਿ ਨ । ਨ ਕ ਧੇ S । ਧਿ ਨ ਨ ਧਿ ਨ ਨ ਤ ਕ । ਧ
6
ਦਿ ਗ ਨ । ਧਿ ਨ ਨ ਧਿ ਨ ਨ ਤ ਕ

28 ਮਾਤ੍ਰਾਂ

(i) ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ।

॥ 66 ॥ ਰਾਮਕਲੀ ; ਪੰਨਾ 945 ॥ ਮ: ੧

(ii) ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲੰ ਰੋਗ ਖੰਡਣਹ।

ਸਾਧ ਸੰਗੇਣਿ ਗੁਣ ਰਮਤ ਨਾਨਕ ਸਰਣਿ ਪੂਰਨ ਪਰਮੇਸਰਹ।

॥ 59 ॥ ਸਹਸ ਕ੍ਰਿਤੀ ਸਲੋਕ ; ਪੰ: 1359 ॥ ਮ: ੫

ਛੰਦ : ਹਰਿ ਗੀਤਿਕਾ ; ਪਾਦਾਂਤ ਲਘੂ—ਗੁਰੂ

× 2 3 4
ਤਾਲ : (1) ਧੁਮਾਲੀ : ਧਾ । ਧਿ । ਨ ਭ । ਕ ਧੀ ਨ ] 7 ਮਾਤ੍ਰਾਂ ਦੀਆਂ 4 ਅਵ੍ਰਤੀਆਂ
×  2
(2) ਲਘੂ ਸ਼ੇਖਰ : ਧਾ ਧਿ ਟ ਟ ਧੁ । ਮ ਕਿ ਟ ]

30 ਮਾਤ੍ਰਾਂ

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ।
ਕਾਮੁ ਕਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ।
ਖਿੰਥੀ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕ ਹਰੀ।
ਸਾਚਾ ਸਾਹਿਬ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ।

॥ 10 ਰਾਮਕਲੀ ; ਪੰਨਾ 939 ॥ ਮ: ੧

ਛੰਦ : ਤਾਟੰਕ ; 16—14 ਮਾਤ੍ਰਾਂ । ਪਾਦਾਂਤ ਮਗਣ—3 ਗੁਰੂ ਜਾਂ ਗੁਰੂ

×　　　　　　　2　　　3

ਤਾਲ : ਚਕ੍ਰਤਾਲ ਧਾ S ਕਿ ਟਿ ਤ ਕ ਧੁ ਮ । ਕਿ ਟ ਤ ਕ । ਧਾ ਗੇ ਤੇ ਟ ਕ ਤ ਤ ਕ

4

ਤਾ S । ਧ ਦਿ ਗ ਨ ਧਿ ਨ ਨ ਕ

ਸਾਡੀ ਇਹ ਖੋਜ ਸਿੱਧ ਕਰਦੀ ਹੈ ਕਿ ਤਬਲੇ ਦੀਆਂ ਤਾਲਾਂ ਵਿੱਚ ਵਰਤੀਆਂ ਮਾਤ੍ਰਾਂ ਛੰਦਾਂ ਦੀਆਂ ਮਾਤ੍ਰਾਂ ਦਾ ਅਨੁਮਾਨ ਲਾਣ ਵਿੱਚ ਸਹਾਇਕ ਹੋ ਸਕਦੀਆਂ ਹਨ। ਇਹ ਵਿਧੀ ਛੰਦਾਂ ਦੀ ਪਰਖ ਕਰਨ ਲਈ ਇੱਕ ਨਵੀਂ ਸੇਧ ਸਿੱਧ ਹੋ ਸਕਦੀ ਹੈ।

ਭਾਵੇਂ ਇਸ ਵਿਧੀ ਦਾ ਮੁਲਾਂਕਨ ਹਾਲੇ ਬਾਕੀ ਹੈ ਪਰ ਵਿਦਵਾਨਾਂ ਨੂੰ ਇਸ ਵਿਧੀ (ਨਾਲ ਲੱਭੇ ਤੱਥਾਂ) ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਇਸ ਨਵੀਂ ਵਿਧੀ ਦੇ ਮੁਲਾਂਕਨ ਅਤੇ ਪ੍ਰਯਾਸ ਲਈ ਛੰਦੋਚਾਰਯ, ਸ਼ਾਸ਼ਤ੍ਰ ਸੰਗੀਤਾ ਚਾਰਯਾਂ ਅਤੇ ਤਬਲਚੀਆਂ ਦੇ ਸਹਿਯੋਗ ਦੀ ਲੋੜ ਹੈ।

P. O. Box - 188
Dehradun - 248001

# ਤੁਹਾਡੇ ਪੱਤਰ

ਤੁਹਾਡਾ ਇਸ਼ਤਿਹਾਰ ਸਿੱਖ ਰਿਵੀਊ ਕਲਕੱਤਾ ਵਿਚ ਵੇਖਿਆ, ਦਿਲ ਬਹੁਤ ਖੁਸ਼ ਹੋਇਆ ਤੇ ਪਤੀਜਿਆ—ਦੇਸ ਦੀ ਪਿਆਰੀ ਅੰਮ੍ਰਿਤ ਬਾਣੀ—ਪਿਆਰ ਦਾ ਝੂਟਾ ਆਇਆ, ਪ੍ਰਦੇਸ਼ ਦੇ ਦੁੱਖ ਭੁੱਲ ਗਏ। ਪ੍ਰਮਾਤਮਾ ਨੇ ਪ੍ਰਦੇਸ਼ਾਂ ਭਾਗੀਂ ਕਰ ਦਿਤਾ। ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਸਰਾਪ ਦਿਤਾ—"ਉਜੜੋ"। ਅਸੀਂ ਏਥੇ ਸਕੂਲਾਂ ਕਾਲਜਾਂ ਵਿਚ ਆਪਣੇ ਸਿੱਖ ਬੱਚਿਆਂ ਨੂੰ ਵਿਦਿਆ ਦੀ ਸੇਵਾ ਕਰਦੇ ਹਾਂ। ਤੁਹਾਡਾ ਉਪਰਾਲਾ ਬਹੁਤ ਸ਼ਲਾਘਾਯੋਗ ਹੈ। ਕੁਝ ਚੰਦਾ ਭੇਜ ਰਹੀ ਹਾਂ। ਕਿਰਪਾ ਕਰਕੇ ਅੰਮ੍ਰਿਤ ਕੀਰਤਨ ਦਾ ਜਰਨਲ ਭੇਜਣਾ ਸ਼ੁਰੂ ਕਰ ਦੇਵੋ ਜੀ। ਦੇਸ਼ ਤੋਂ ਠੰਡੀਆਂ ਹਵਾਵਾਂ ਆਵਣ ਤੇ ਪ੍ਰਦੇਸ਼ਾਂ ਦੀ ਉਦਾਸੀ ਦੂਰ ਹੋਵੇ।

—ਸਤਿੰਦਰ ਕੌਰ ਇੰਗਲੈਂਡ

ਜੁਲਾਈ 1994 ਦਾ 'ਅੰਮ੍ਰਿਤ ਕੀਰਤਨ' ਪੜ੍ਹ ਕੇ ਅਤਿਅੰਤ ਖੁਸ਼ੀ ਹੋਈ। 'ਗੁਰਬਾਣੀ ਵਿਚ ਕੀਰਤਨ ਦਾ ਸੰਕਲਪ' ਬੇ-ਹੱਦ ਪਸੰਦ ਆਇਆ। ਜਗਸੀਰ ਸਿੰਘ ਦਾ ਲੇਖ 'ਕੀਰਤਨ ਅਤੇ ਕੀਰਤਨੀਆ', ਪ੍ਰੋ. ਪਿਆਰਾ ਸਿੰਘ ਪਦਮ ਵੱਲੋਂ 'ਸੌ ਸਾਲ ਪੁਰਾਣੇ ਗਵੱਈਏ', ਸੰਗੀਤ ਲਿਪੀ ਤੇ ਰਾਗ ਲਲਿਤ ਵਿਚ 'ਤੇਰਾ ਕੀਤਾ ਜਾ ਤੋ ਨਾਹੀ' ਦੀ ਬੰਦਸ ਬਹੁਤ ਹੀ ਕਾਬਲੇ-ਤਾਰੀਫ਼ ਸੀ। ਚੰਗਾ ਹੋਵੇ ਜੇ ਸਾਰੇ ਲੇਖ ਕੇਵਲ ਹਿੰਦੀ ਜਾਂ ਪੰਜਾਬੀ ਵਿਚ ਹੀ ਛਾਪਿਆ ਕਰੋ ਤੇ ਅੰਗਰੇਜ਼ੀ ਵਿਚ ਨਾ ਛਾਪਿਆ ਕਰੋ। ਰਾਗਾਂ ਤੋਂ ਇਲਾਵਾ ਤਾਨਾਂ ਸਹਿਤ ਬੰਦਸ਼ਾਂ ਛਾਪਿਆ ਕਰੋ। ਭਾਈ ਬਲਦੇਵ ਸਿੰਘ ਦਾ ਇੰਟਰਵਿਊ ਛਾਪਣ ਲਈ ਧੰਨਵਾਦ।

—ਐਮ, ਐਸ. ਮਸਤਾਨਾ ਮਲੋਟ

# ਰਾਗ ਬਿਹਾਗੜਾ

—ਪ੍ਰਿੰਸੀਪਲ ਦਿਆਲ ਸਿੰਘ

ਵਾਦੀ—ਗ ਠਾਟ—ਬਿਲਾਵਲ ਸਮਾਂ—ਰਾਤ ਦਾ ਦੂਜਾ ਪਹਿਰ।

ਸੰਵਾਦੀ—ਨ ਜਾਤੀ—ਓਡਵ-ਸੰਪੂਰਨ ਵਿਸ਼ੇਸ਼—ਦੋਹਾਂ ਨਿਖ ਦਾਂ ਦਾ ਪ੍ਰਯੋਗ।

ਅਰੋਹ—ਨ਼ ਸ ਗ, ਮ ਪ ਨ, ਸਂ।

ਅਵਰੋ— ਸਂਨ, ਧਪ, ਧਨ਼ਧ ਪ ਮ ਗ, ਰਸ।

ਪ

ਪਕੜ—ਸ਼ਗ, ਮਪ, ਧਨ਼ਧਪ ਧ ਗਮਗ—ਸ।

ਮੌਜੂਦਾ ਸਮੇਂ ਦੇ ਕੁਝ ਸੰਗੀਤਕਾਰਾਂ ਨੇ ਆਪਣੇ ਗਰੰਥਾਂ ਵਿਚ ਬਿਹਾਗੜਾ ਦਾ ਉਲੇਖ ਕਰਦਿਆਂ ਲਿਖਿਆ ਹੈ ਕਿ "ਬਿਹਾਗ ਵਿਚ ਕੋਮਲ ਨਿਖਾਦ ਦਾ ਪਯੋਗ ਕਰਨ ਨਾਲ ਬਿਹਾਗੜਾ ਰਾਗ ਬਣੇਗਾ, ਇਸ ਨੂੰ ਬਿਹਾਗ ਦਾ ਹੀ ਇਕ ਨਵਾਂ ਪ੍ਰਕਾਰ ਸਮਝੋ।" ਕੋਈ ਕਹਿੰਦਾ ਹੈ ਕਿ ਇਹ ਬਿਹਾਗ ਅਤੇ ਖਮਾਜ ਦੇ ਸੁਮੇਲ ਤੋਂ ਉਤਪੰਨ ਹੋਇਆ ਹੈ। ਪਰ ਆਧੁਨਿਕ ਸੰਗੀਤ ਲਿਖਣ ਵਾਲਿਆਂ ਦੇ ਇਹ ਵਿਚਾਰ ਮੰਨਣ-ਯੋਗ ਨਹੀਂ। ਕਿਉਂਕਿ ਸੰਸਕ੍ਰਿਤ ਦੇ ਪ੍ਰਾਚੀਨ ਗ੍ਰੰਥਾਂ ਵਿਚ ਬਿਹੰਗ, ਬਿਹੰਗੜ, ਬਿਹਾਗਰਾ ਜਾ ਬਿਹਾਗੜਾ, ਨਾਮਾਂ ਦਾ ਉਲੇਖ ਹੈ। ਬੰਗਾਲ ਪ੍ਰਾਂਤ ਦਾ ਇਕ ਪ੍ਰਸਿੱਧ ਗਰੰਥ 'ਸੰਗੀਤ ਸਾਰ' ਹੈ ਉਸ ਵਿਚ ਬਿਹਾਗ ਤੇ ਬਿਹੰਗੜਾ ਦੋ ਭਿੰਨ ਪ੍ਰਕਾਰ ਬਤਾਏ ਹਨ। ਇਹਨਾਂ ਰਾਗਾਂ ਦੀ ਜਾਣਕਾਰੀ ਟਿੱਪਣੀ ਵਿਚ ਲਿਖਿਆ ਹੈ ਕਿ "ਬਿਹਾਗ, ਯਹ ਰਾਗ ਸੰਸਕ੍ਰਿਤ ਸ਼ਾਸਤ੍ਰ ਅਨੁਮੋਦਿਤ ਨਹੀਂ ਹੈ। ਇਸ ਕੀ ਉਤਪੱਤੀ ਬਿਹਾਗੜਾ ਸੇ ਹੁਈ ਹੈ, ਬਿਹਾਗ ਮੇਂ ਨਿਖਾਦ ਗ੍ਰਹ ਸੁਰ ਹੈ ਗੰਧਾਰ ਵਾਦੀ ਹੈ ਔਰ ਰਿਖਭ ਧੈਵਤ ਵਿਵਾਦੀ ਸੁਰ ਹੈ, ਤੋ ਭੀ ਅਵਰੋਹ ਮੇਂ ਚਤੁਤਰਾ ਸੇ 'ਰੇ ਧਾ' ਸੁਰ ਲਗਾਨੇ ਕਾ ਪਰਿਣਾਮ ਬੁਰਾ ਦਿਖਾਈ ਨਹੀਂ ਪੜਤਾ। ਬਿਹਾਗ ਕਾ ਸੰਸਕ੍ਰਿਤ ਨਾਮ ਬਿਹਾਗ ਜਾਂ ਬਿਹਗਰੀ ਹੈ।" ਇਸ ਤੋਂ ਇਲਾਵਾ 'ਸੰਗੀਤ ਪਾਰਿਜਾਤ, ਰਾਗ ਵਿਵੋਧ, ਰਾਗ ਤਰੰਗਣੀ ਆਦਿ ਸੰਗੀਤ ਗਰੰਥਾਂ ਵਿਚ ਭੀ ਬਿਹਾਗੜਾ ਦਾ ਵਰਣਨ ਹੈ।"

ਉਤੇ ਲਿਖੇ ਵਿਚਾਰ ਅਨੁਸਾਰ ਬਿਹਾਗੜਾ ਇਕ ਪ੍ਰਾਚੀਨ ਰਾਗ ਹੈ। ਜਿਸ ਤੋਂ ਬਿਹਾਗ, ਦੇਵ ਬਿਹਾਗ, ਪਟ ਬਿਹਾਗ, ਨਟ ਬਿਹਾਗ, ਮਾਰੂ ਬਿਹਾਗ ਆਦਿ ਰਾਗਾਂ ਦੀ ਰਚਨਾ ਹੋਈ ਹੈ। ਇਹਨਾਂ ਵਿਚੋਂ ਸਭ ਤੋਂ ਪ੍ਰਸਿੱਧ ਤੇ ਸਰਲ ਰਾਗ ਬਿਹਾਗ ਹੀ ਹੈ। ਜਿਸ ਨੂੰ ਗਾਇਕ-ਵਾਦਕ ਅਧਿਕ ਗਾਉਂਦੇ-ਬਜਾਉਂਦੇ ਹਨ।

ਬਿਹਾਗੜਾ ਰਾਗ ਦਾ ਠਾਟ ਬਿਲਾਵਲ, ਜਾਤੀ ਓਡਵ-ਸੰਪੂਰਨ ਜਾਂ ਖਾਡਵ-ਸੰਪੂਰਣ ਮੰਨੀ ਗਈ ਹੈ। ਇਸ ਦਾ ਵਾਦੀ ਸੁਰ ਗੰਧਾਰ ਤੇ ਸੰਵਾਦੀ ਨਿਖਾਦ ਅਤੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਦੇ ਦੋ ਪ੍ਰਕਾਰ ਪ੍ਰਚਾਰ ਵਿਚ ਹਨ, ਇਕ ਵਿਚ

ਦੋਵੇਂ ਮੱਧਮ ਤੇ ਦੂਜੇ ਵਿਚ ਦੋਵੇਂ ਨਿਖਾਦ ਲਗਦੇ ਪੰਜਾਬ ਪ੍ਰਾਂਤ ਵਿਚ ਦੋ ਨਿਖਾਦਾਂ ਵਾਲਾ ਬਿਹਾਗੜਾ ਹੀ ਵਧੇਰੇ ਗਾਇਆ ਜਾਂਦਾ ਹੈ। ਖਾਸ ਤੌਰ ਤੇ ਗੁਰੂ [ਘਰ ਦੇ ਕੀਰਤਨੀਏ ਇਸੇ ਬਿਹਾਗੜੇ ਵਿਚ ਸ਼ਬਦ ਗਾਇਨ ਕਰਦੇ ਹਨ । ਪਰ ਅੱਜ ਕੱਲ ਬਿਹਾਗੜਾ ਬਹੁਤ ਘੱਟ ਸੁਣਨ ਵਿਚ ਆਉਂਦਾ ਹੈ। ਹਿੰਦੁਸਤਾਨੀ ਗਾਇਕਾਂ ਤੋਂ ਇਲਾਵਾ ਸਾਡੇ ਰਾਗੀ ਸਿੰਘ ਭੀ ਬਿਹਾਗੜੇ ਦੀ ਥਾਂ ਅਕਸਰ ਬਿਹਾਗ ਹੀ ਗਾਉਂਦੇ ਸੁਣੀਂਦੇ ਹਨ, ਜਦੋਂ ਕਿ ਗੁਰੂ ਸਾਹਿਬਾਨ ਨੇ ਆਪ ਇਸ ਰਾਗ ਵਿਚ ਬਾਣੀ ਉਚਾਰਣ ਕੀਤੀ ਹੈ।

ਬਿਹਾਗੜਾ ਰਾਗ ਦੇ ਆਰੋਹ-ਅਵਰੋਹ ਵਿਚ ਨਿਖਾਦ ਤੀਵਰ ਅਤੇ ਅਵਰੋਹ ਵਿਚ

ਸ

"ਸ ਨ—ਪ, ਧਨੁਧਪ, ਜਾਂ ਗਮਪ, ਧ ਨੁਧਪ" ਇੰਜ ਕੋਮਲ ਨਿਖਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਆਰੋਹ ਵਿਚ ਭਾਵੇਂ 'ਰਿਖਭ-ਧੈਵਤ' ਸੁਰ ਵਰਜਿਤ ਹਨ, ਪਰ ਕਈ ਵੇਰ ਗਾਇਕ ਸ ਸ, ਗ ਮ ਰ ਗ, ਮਪਨ ਧਨਸਂ ਇੰਜ ਲਗਾਉਂਦੇ ਹਨ। ਇਸ ਤਰ੍ਹਾਂ

ਧ

ਰਾਗ ਦੀ ਰੰਜਕਤਾ ਵਧਾਉਣ ਲਈ "ਗਮਪ, ਧਨੁਧਪ, ਮੱਪਧ ਗਮਗ", ਇੰਜ ਤੀਵਰ ਮੱਧਮ ਦਾ ਪ੍ਰਯੋਗ ਵੀ ਕਰਦੇ ਹਨ। ਇਹ ਪੂਰਵਾਂਗ ਵਾਦੀ ਰਾਗ ਹੈ, ਇਸ ਵਿਚ ਮੱਧਮ ਸੁਰ ਬੜਾ ਮਹੱਤਵਪੂਰਣ ਹੈ। ਭਾਵ, ਸ਼ੁਧ ਮੱਧਮ ਤੇ ਠਹਿਰਾਉ ਕਰਨ ਨਾਲ ਬੜਾ ਸੁੰਦਰ ਪ੍ਰਤੀਤ ਹੁੰਦਾ ਹੈ। ਬਿਹਾਗੜਾ ਬਹੁਤ ਮਨੋਹਰ ਅਤੇ ਸ਼ਿੰਗਾਰ ਸੰਯੁਕਤ ਰਸ ਰਾਗ ਮੰਨਿਆ ਗਿਆ ਹੈ। ਆਦਿ ਗੁਰੂ ਗਰੰਥ ਸਾਹਿਬ ਵਿਚ ਇਸ ਦਾ ਨੰਬਰ ਸੱਤਵਾਂ ਹੈ।

## ਰਾਗ ਬਿਹਾਗੜਾ, ਤਾਲ—ਦਾਦਰਾ (ਮੱਧਯ ਲਯ)

ਬਿਹਾਗੜਾ ਮਹਲਾ ੫ ॥ ਛੰਤ ॥
ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥
ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥
ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ ॥
ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ ॥
ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ ॥
ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ ॥ ੧ ॥

Bihagra 5th Guru Chhant.

Hearken Thou to my supplications, O my Lord Master.

I am full of millions of sins, nevertheless

I am a slave of Thine.

O Thou Dispeller of grief, shower of mercy, fascinating and Destroyer of sorrow and strife.

I have entered Thine sanctuary. Preserve Thou my honour.

Thou art contained amongst all, O Immaculate Lord.

The Lord hearest and beholdes all. He is with us all and
the nearest of the near.

O Lord, hearken Thou to Nahak's prayer and
save the attendant of Thy household.

ਬਿਹਾਗੜਾ ਪੰਜਵੀਂ ਪਾਤਸ਼ਾਹੀ ਛੰਤ ।

ਤੂੰ ਮੇਰੀਆਂ ਜੋਦੜੀਆਂ ਸ੍ਰਵਣ ਕਰ, ਹੇ ਮੇਰੇ ਪ੍ਰਭੂ ਪਰਮੇਸ਼ਰ ।

ਮੈਂ ਕੂੜਾਂ ਹੀ ਪਾਪਾਂ ਨਾਲ ਪਰੀਪੂਰਨ ਹਾਂ, ਤਾਂ ਭੀ ਮੈਂ ਤੇਂਡਾ ਹੀ ਗੁਮਾਸ਼ਤਾ ਹਾਂ ।

ਤੂੰ ਹੇ ਰੰਜ ਦੂਰ ਕਰਨਹਾਰ ! ਮਿਹਰ ਕਰਨ ਵਾਲੇ, ਮੁਹਤ ਕਰਨ ਵਾਲੇ
ਅਤੇ ਗ਼ਮ ਤੇ ਝਗੜਿਆਂ ਨੂੰ ਕਟਣਹਾਰ ।

ਮੈਂ ਤੇਰੀ ਪਨਾਹ ਲਈ ਹੈ । ਤੂੰ ਮੇਰੀ ਇਜ਼ਤ-ਆਬਰੂ ਬਰਕਰਾਰ ਰੱਖ ।

ਤੂੰ ਸਾਰਿਆਂ ਅੰਦਰ ਰਵਿਆ ਹੋਇਆ ਹੈਂ, ਹੇ ਪਵਿਤ੍ਰ ਪ੍ਰਭੂ ।

ਸੁਆਮੀ ਸਾਰਿਆਂ ਨੂੰ ਸੁਣਦਾ ਤੇ ਵੇਖਦਾ ਹੈ । ਉਹ ਸਾਡੇ ਸਾਰਿਆਂ ਦੇ ਨਾਲ ਹੈ
ਅਤੇ ਨੇੜੇ ਤੋਂ ਪਰਮ ਨੇੜੇ ਹੈ ।

ਹੇ ਪ੍ਰਭੂ ! ਤੂੰ ਨਾਨਕ ਦੀ ਬੇਨਤੀ ਸ੍ਰਵਣ ਕਰ ਅਤੇ ਆਪਣੇ ਗ੍ਰਿਹ ਦੇ ਸੇਵਕ
ਦੀ ਰੱਖਿਆ ਕਰ ।

## ਅਸਥਾਈ

| | | | | | | | | | | | |
|---|---|---|---|---|---|---|---|---|---|---|---|
| × | | | 0 | | | × | | | 0 | | |
| ਸ | ਗ | -ਮ | ਪਧ | ਨੁ | ਧਪ | ਪ | ਪ | - | ਮ | ਗ | - |
| ਸੁ | ਨਹੁ | sਬਿ | ਨs | s | ਤੀs | ਆ | s | s | s | s | s |
| ਗ | | | | | | | | | | | |
| ਪ | — | ਮ | ਗ | -ਰ | ਸਨ਼ | ਸ | — | — | — | — | ਸ |
| ਸੁਆ | s | ਮੀ | ਮੇ | ss | ਭੇs | ਰਾ | s | s | s | s | ਮ |
| ਸਂ | ਸਂ | ਸਂਸ | ਨ | ਧ | ਪ | ਨ | — | — | ਧ | ਪ | ਮ |
| ਕੋ | ਟਿ | ਅਪ | ਰਾ | ਧ | sਭ | ਰੇ | s | s | s | s | s |

ਪ ਮ'

ਨ਼ ਧ ਪ   ਮ ਪ ਗ   ਮ — —   ਗ ਰ ਮ

ਭੀ ਤੇ ਰੇ   ਚੇ s ਰੇ   ਰਾ s s   s s ਮ

## ਅੰਤਰਾ

ਮਪ ਮਗ -ਮ   ਪ ਨ —   ਨਸੰ ਸੰ —   ਸੰ ਸੰ ਸੰ

ਦੁਖ ਹਰ sਨ   ਕਿਰ ਪਾ s   ਕਰ ਨ s   ਮੋ ਹ ਨ

ਪ ਨ -ਨ   ਸੰ — ਸੰ   ਨਸੰ ਰੰ ਸੰ   ਨ ਧ ਪ

ਕ ਲ sਕ   ਲੇ s ਸਹ   ਭੰs s ਜ   ਨਾ s s

ਰੰ   ਰੰ   ਧ

ਗੰ ਗੰ ਮੰ   ਗੰ ਸੰ —   ਨਨ ਸੰ ਰੰਸੰ   ਨ਼ ਧ ਪ

ਸਰ ਨ s   ਤੇ ਰੀ s   ਰਖ ਲੇ ਹੁs   ਮ਼ੇ ਰੀ s

ਪ   ਮੇ ਪ ਪ

ਗ ਗ ਮ   ਪਧ ਪ ਪ   ਗ ਮ ਮ   ਗ ਰ ਸ

ਸ ਰ ਬ   ਮੈs s ਨਿ   ਰੰ s ਜ   ਨਾ s s

—ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ । (ਸੁਰ ਰਚਨਾ ਕਰਤਾ ਵਲੋਂ)

# ਰਚਿਤ ਗੁਰਮਤ ਸੰਗੀਤ ਬਾਰੇ ਪੁਸਤਕਾਂ

—ਪ੍ਰਿੰਸੀਪਲ ਦਿਆਲ ਸਿੰਘ

## ੧. ਗੁਰਮਤਿ ਸੰਗੀਤ ਸਾਗਰ (ਆਸਾ ਦੀ ਵਾਰ ਤੇ ਸ਼ਬਦ)

ਇਸ ਪੁਸਤਕ ਦੇ ਆਰੰਭ ਵਿਚ ਸੰਗੀਤ ਸ਼ਾਸਤ੍ਰ ਸਬੰਧੀ ਜਾਣਕਾਰੀ ਦਿੱਤੀ ਹੈ ਛੇ ਰਾਗਾਂ ਦਾ ਵੇਰਵਾ ਤੇ ਆਸਾ ਦੀ ਵਾਰ ਸਿੱਖਣ ਦਾ ਸੌਖਾ ਤਰੀਕਾ ਦੱਸਿਆ ਹੈ ਉਸ ਤੋਂ ਬਾਅਦ ੨੭ ਸ਼ਬਦਾਂ ਦੀਆਂ ਸੁੰਦਰ ਰੀਤਾਂ (ਟਿਯੂਨਾਂ) ਨੂੰ ਭੀ ਤਾਲ-ਬੱਧ ਸੁਰ ਲਿਪੀ ਵਿਚ ਲਿਖਿਆ ਹੈ।

## ੨. ਤਬਲਾ ਮ੍ਰਿਦੰਗ ਸਾਗਰ

ਇਸ ਪੁਸਤਕ ਦੇ ਆਰੰਭ ਵਿਚ ਤਬਲਾ ਮ੍ਰਿਦੰਗ ਦਾ ਸੰਖੇਪ ਵਰਨਣ, ਤਾਲ ਦੇ ਮੁਖ ਅੰਗ ਬੋਲਾਂ ਦੀ ਉਤਪਤੀ ਅਤੇ ਫੋਟੋ ਰਾਹੀਂ ਅੱਖਰਾਂ ਦਾ ਨਿਕਾਸ, ਤਬਲਾ ਸਿਖਾਉਣ ਦਾ ਸੌਖਾ ਤਰੀਕਾ। ਇਸ ਤੋਂ ਇਲਾਵਾ ਬੰਦ ਤੇ ਖੁਲ੍ਹ ਹੱਥ ਨਾਲ ਵੱਜਣ ਵਾਲੇ ੨੧ ਪ੍ਰਚਲਿਤ ਤੇ ਅਪ੍ਰਚਲਿਤ ਤਾਲ ਠੇਕੇ, ਅਗੋਂ ਉਹਨਾਂ ਦੇ ਭਿੰਨ-ਭਿੰਨ ਰੂਪਾਂ ਵਿਚ ਕਾਇਦੇ, ਪੇਸ਼ਕਾਰ, ਮੁਖੜੇ, ਤਿਹਾਈ, ਰੇਲੇ, ਪਰਨ ਆਦਿ ਅਤੀ ਸੁੰਦਰ ਤਰੀਕੇ ਨਾਲ ਦਿੱਤੇ ਗਏ ਹਨ।

## ੩. ਗੁਰਮਤਿ ਸੰਗੀਤ ਸਾਗਰ (ਭਾਗ ਪਹਿਲਾ)

ਇਸ ਦੇ ਸ਼ੁਰੂ ਵਿਚ ਸੰਗੀਤ ਪ੍ਰਣਾਲੀਆਂ, ਸ਼ਰੁਤੀ-ਸੁਰ, ਠਾਟ ਆਦਿ, ਗਾਇਕਾਂ ਦੇ ਗੁਣ-ਅਵਗੁਣ ਅਤੇ ਆਵਾਜ਼ ਸੁਰੀਲੀ ਕਰਨ ਲਈ ਅਲੰਕਾਰ ਪਲਟੇ ਦਿਤੇ ਹਨ। ਉਸ ਤੋਂ ਬਾਅਦ ੧੪ ਰਾਗਾਂ ਦੇ ਖੋਜ ਭਰਪੂਰ ਲੇਖ, ਅਲਾਪ, ਤਾਨਾਂ ਅਤੇ ਵਖੋ-ਵਖ ਤਾਲਾਂ ਵਿਚ ਅਤੀ ਸੁੰਦਰ ੨੨੫ ਸ਼ਬਦ ਰੀਤਾਂ ਦੇ ਨਾਲ ੨੨ ਚੋਣਵੀਆਂ ਪੁਰਾਤਨ 'ਪੜਤਾਲਾਂ' ਨੂੰ ਭੀ ਸੁਰ-ਬੱਧ ਕੀਤਾ ਹੈ।

## ੪. ਗੁਰਮਤਿ ਸੰਗੀਤ ਸਾਗਰ (ਭਾਗ ਦੂਜਾ)

ਇਸ ਵਿਚ ਪ੍ਰਾਚੀਨ "ਤਿੰਨ ਗ੍ਰਾਮ ਇਕੀਸ ਮੂਰਛਨਾ" ਸੰਬੰਧੀ ਜਾਣਕਾਰੀ, ਰਾਗਾਂ ਦੇ ਦਸ ਲੱਛਣ, ਠਾਟ ਪੱਧਤੀ ਦਾ ਵਿਕਾਸ ਅਤੇ ਗਣਿਤ ਅਨੁਸਾਰ ਇਕ ਠਾਟ ਤੋਂ 484

ਰਾਗਾਂ ਦੀ ਉਤਪਤੀ ਦਾ ਵੇਰਵਾ ਦਿੱਤਾ ਹੈ। ਉਸ ਤੋਂ ਅੱਗੇ 21 ਰਾਗਾਂ ਦੇ ਖੋਜ ਭਰੇ ਲੇਖ, ਅਲਾਪ, ਤਾਨਾਂ ਅਤੇ 234 ਸ਼ਬਦ ਰੀਤਾਂ, 13 ਪੜਤਾਲਾਂ ਦੇ ਨਾਲ ਤਿੰਨ ਸੁੰਦਰ ਗੁਲਦਸਤੇ ਵੀ ਲਿਖੇ ਹਨ।

## ੪ ਗੁਰਮਤਿ ਸੰਗੀਤ ਸਾਗਰ (ਭਾਗ ਤੀਜਾ)

ਇਸ ਵਿਚ ਸ਼ਾਸਤ੍ਰੀਯ ਸੰਗੀਤ, ਭਗਤੀ ਸੰਗੀਤ ਅਤੇ ਗੁਰਮਤਿ ਸੰਗੀਤ ਦਾ ਸੁਮੇਲ ਤੇ ਵਖੇਵਾਂ ਦੱਸਿਆ ਗਿਆ ਹੈ। ਨਾਲ ਹੀ ਗੁਰਮਤਿ ਸੰਗੀਤ ਸਾਜ਼ਾਂ ਦੀ ਕੀ ਮਹੱਤਤਾ ਹੈ, ਇਸ ਦੀ ਜਾਣਕਾਰੀ ਦਿੱਤੀ ਹੈ। ਉਸ ਤੋਂ ਬਾਅਦ ੩੧ ਰਾਗਾਂ ਦੇ ਲੇਖ, ਅਲਾਪ, ਤਾਨਾਂ ਅਤੇ ਲਗਭਗ ੨੫੦ ਸੁੰਦਰ ਸ਼ਬਦ ਰੀਤਾਂ ਦੇ ਨਾਲ ਪੜਤਾਲਾਂ ਗੁਲਦਸਤੇ ਵੀ ਦਿਤੇ ਹਨ।

## ੫. ਗੁਰਮਤਿ ਸੰਗੀਤ ਸਾਗਰ (ਭਾਗ ਚੌਥਾ)

ਸੰਗੀਤ ਦੇ ਚੌਥੇ ਭਾਗ ਵਿਚ ਸੰਗੀਤ ਪਖੋਂ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਲਿਖੀ ਰਾਗ ਮਾਲਾ ਅਤੇ ਇਕ ਤੋਂ ਸਤਰਾਂ ਘਰਾਂ ਦਾ ਕੀ ਭਾਵ ਹੈ। ਇਸ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾਵੇਗੀ। ਉਸ ਤੋਂ ਬਾਅਦ ੫੧ ਰਾਗਾਂ ਦੇ ਲੇਖ, ਅਲਾਪ, ਤਾਨਾਂ ਅਤੇ ਲਗ-ਭਗ ੨੫੭ ਸ਼ਬਦ ਰੀਤਾਂ, ਪੜਤਾਲਾਂ ਨੂੰ ਤਾਲ-ਬੱਧ ਸੁਰ ਲਿਪੀ ਵਿਚ ਲਿਖ ਕੇ ਪ੍ਰਕਾਸ਼ਤ ਕੀਤਾ ਜਾਵੇਗਾ।

ਪੁਸਤਕਾਂ ਮਿਲਣ ਦਾ ਪਤਾ:
ਗੁਰਮਤਿ ਵਿਦਿਆਲਾ, ਗੁਰਦੁਆਰਾ ਰਕਾਬ ਗੰਜ,
ਨਵੀਂ ਦਿੱਲੀ।